ਟੋਰਾਂਟੋ — ਕੀ ਕੈਨੇਡਾ ਵਿੱਚ ਹਾਦਸੇ ਦਾ ਕਾਰਨ ਬਣਿਆ ਭਾਰਤੀ ਡਰਾਈਵਰ ਦੇਸ਼ ਨਿਕਾਲੇ ਤੋਂ ਬਚ ਸਕਦਾ ਹੈ। ਸੰਨ 2018 ਦੇ ਵਿੱਚ ਇੱਕ ਭਾਰਤੀ ਟਰੱਕ ਡਰਾਈਵਰ ਕਾਰਨ ਕੈਨੇਡਾ ਵਿੱਚ ਇੱਕ ਗੰਭੀਰ ਹਾਦਸਾ ਵਾਪਰਿਆ ਸੀ। ਜਿਸ ਵਿੱਚ ਜਸਕੀਰਤ ਸਿੰਘ ਸਿੱਧੂ ਨਾਂ ਦੇ ਡਰਾਈਵਰ ਨੇ ਆਪਣੇ ਟਰੱਕ ਨਾਲ ਬੱਸ ਨੂੰ ਟੱਕਰ ਮਾਰ ਦਿੱਤੀ ਸੀ। ਇਸ ਹਾਦਸੇ ਵਿੱਚ 16 ਲੋਕਾਂ ਦੀ ਮੌਤ ਹੋ ਗਈ ਜਦਕਿ 13 ਜ਼ਖ਼ਮੀ ਹੋ ਗਏ। ਇਸ ਬੱਸ ਵਿੱਚ ਜ਼ਿਆਦਾਤਰ ਇੱਕ ਹਾਕੀ ਕਲੱਬ ਦੇ ਖਿਡਾਰੀ ਸਵਾਰ ਸਨ। ਬਾਅਦ ਵਿਚ ਸਿੱਧੂ ਨੂੰ ਅੱਠ ਸਾਲ ਦੀ ਸਜ਼ਾ ਸੁਣਾਈ ਗਈ ਸੀ। ਹੁਣ ਹਾਦਸਾਗ੍ਰਸਤ ਟਰੱਕ ਡਰਾਈਵਰ ਸਥਾਈ ਨਿਵਾਸੀ ਦਾ ਦਰਜਾ ਪ੍ਰਾਪਤ ਕਰਨ ਲਈ ਅਰਜ਼ੀ ਦਿੱਤੀ ਹੈ। ਦੱਸਣਯੋਗ ਹੈ ਕਿ ਭਾਰਤੀ ਮੂਲ ਦੇ ਟਰੱਕ ਡਰਾਈਵਰ ਜਸਕੀਰਤ ਸਿੰਘ ਸਿੱਧੂ ਵੱਲੋਂ ਵਾਪਰੇ ਦਰਦਨਾਕ ਹਾਦਸੇ ਵਿੱਚ 16 ਲੋਕਾਂ ਦੀ ਮੌਤ ਹੋ ਗਈ ਸੀ। ਇਹ ਭਿਆਨਕ ਬੱਸ ਹਾਦਸਾ ਕੈਨੇਡਾ ਵਿੱਚ ਵਾਪਰਿਆ ਸੀ ਜਿਸ ਲਈ ਭਾਰਤੀ ਟਰੱਕ ਡਰਾਈਵਰ ਜ਼ਿੰਮੇਵਾਰ ਹੈ। ਹਮਬੋਲਟ ਬ੍ਰੌਂਕੋਸ ਬੱਸ ਹਾਦਸੇ ਦਾ ਕਾਰਨ ਬਣੇ ਟਰੱਕ ਡਰਾਈਵਰ ਨੇ ਆਪਣਾ ਸਥਾਈ ਨਿਵਾਸੀ ਦਰਜਾ ਪ੍ਰਾਪਤ ਕਰਨ ਲਈ ਅਰਜ਼ੀ ਦਿੱਤੀ ਹੈ। ਇਮੀਗ੍ਰੇਸ਼ਨ ਅਤੇ ਰਫਿਊਜੀ ਬੋਰਡ ਨੇ ਮਈ ਵਿੱਚ ਜਸਕੀਰਤ ਸਿੰਘ ਸਿੱਧੂ ਲਈ ਦੇਸ਼ ਨਿਕਾਲੇ ਦੇ ਹੁਕਮ ਜਾਰੀ ਕੀਤੇ ਸਨ ਅਤੇ ਉਨ੍ਹਾਂ ਦਾ ਸਥਾਈ ਨਿਵਾਸੀ ਦਰਜਾ ਰੱਦ ਕਰ ਦਿੱਤਾ ਸੀ। ਟਰੱਕ ਡਰਾਈਵਰ ਸਿੱਧੂ ਭਾਰਤੀ ਹਨ ਅਤੇ 2014 ਵਿੱਚ ਕੈਨੇਡਾ

ਦਿਲਜੀਤ ਦੋਸਾਂਝ ਨੂੰ ਮਿਲਣ ਪਹੁੰਚੇ ਪੀਐੱਮ ਟਰੂਡੋ, ਕਿਹਾ, ਕੈਨੇਡਾ ਇੱਕ ਮਹਾਨ ਦੇਸ਼ ਜਿੱਥੇ ਇੱਕ ਸ਼ਖ਼ਸ ਪੰਜਾਬ ਤੋਂ ਆ ਕੇ ਇਤਿਹਾਸ ਰਚ ਸਕਦਾ

ਗਾਇਕ ਅਤੇ ਅਦਾਕਾਰ ਦਿਲਜੀਤ ਦੋਸਾਂਝ ਨੂੰ ਉਨ੍ਹਾਂ ਦੀ ਪਰਫੌਰਮੈਂਸ ਤੋਂ ਪਹਿਲਾਂ ਜਦੋਂ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਸਟੇਜ 'ਤੇ ਪਹੁੰਚੇ ਤਾਂ ਸਾਰੇ ਪਾਸੇ 'ਦਿਲਜੀਤ, ਦਿਲਜੀਤ' ਹੋਣ ਲੱਗੀ। ਦਰਅਸਲ, ਦਿਲਜੀਤ ਅੱਜ ਕੱਲ੍ਹ ਦਿਲ-ਲੁਮੀਨਾਟੀ ਟੂਰ ਕਰ ਰਹੇ ਹਨ, ਜਿਸ ਦੇ ਤਹਿਤ ਦੁਨੀਆਂ ਦੇ ਵੱਖ-ਵੱਖ ਦੇਸ਼ਾਂ ਵਿੱਚ ਆਪਣੀ ਪਰਫੌਰਮੈਂਸ ਦੇ ਰਹੇ ਹਨ।ਇਸੇ ਵਿਚਾਲੇ ਉਹ ਕੈਨੇਡਾ ਪਹੁੰਚੇ ਹੋਏ ਹਨ ਅਤੇ ਉਨ੍ਹਾਂ ਦੀ ਪਰਫੌਰਮੈਂਸ ਟੋਰੰਟੋ ਦੇ ਰੋਜਰ ਸਟੇਡੀਅਮ ਵਿੱਚ ਰੱਖੀ ਗਈ ਸੀ।ਦਿਲਜੀਤ ਦੋਸਾਂਝ ਦੀ ਪਰਫੌਰਮੈਂਸ ਸ਼ੁਰੂ ਹੋਣ ਤੋਂ ਪਹਿਲਾਂ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਮੰਚ 'ਤੇ ਪਹੁੰਚੇ ਅਤੇ ਉਨ੍ਹਾਂ ਨੇ ਦਿਲਜੀਤ ਨਾਲ ਮੁਲਾਕਾਤ ਕੀਤੀ।ਇਸ ਬਾਰੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਪਣੇ ਐਕਸ ਹੈਂਡਲ ਦੇ ਲਿਖਿਆ, ਸ਼ੋਅ ਤੋਂ ਪਹਿਲਾਂ ਦਿਲਜੀਤ ਦੋਸਾਂਝ ਨੂੰ, ਉਨ੍ਹਾਂ ਨੂੰ ਪੇਸ਼ਕਾਰੀ ਲਈ ਸ਼ੁਭਕਾਮਨਾਵਾਂ ਦੇਣ ਲਈ ਰੋਜਰ ਸੈਂਟਰ ਰੁਕਿਆ। ਉਨ੍ਹਾਂ ਨੇ ਅੱਗੇ ਲਿਖਿਆ, ਕੈਨੇਡਾ ਇੱਕ ਮਹਾਨ ਦੇਸ਼ ਹੈ, ਜਿੱਥੇ ਇੱਕ ਸ਼ਖ਼ਸ ਪੰਜਾਬ ਤੋਂ ਆ ਕੇ ਇਤਿਹਾਸ ਰਚ ਸਕਦਾ ਹੈ ਅਤੇ ਸਾਰੇ ਹੀ ਸਟੇਡੀਅਮ ਦੀਆਂ ਟਿਕਟਾਂ ਵਿਕ ਸਕਦੀਆਂ ਹਨ। ਵਿਭਿੰਨਤਾ ਸਿਰਫ਼ ਸਾਡੀ ਤਾਕਤ ਨਹੀਂ ਹੈ ਇਹ ਇੱਕ ਮਹਾਂਸ਼ਕਤੀ ਹੈ। ਹਾਲਾਂਕਿ, ਦਿਲਜੀਤ ਦੋਸਾਂਝ ਨੇ ਵੀ ਇੱਕ ਵੀਡੀਓ ਸ਼ੇਅਰ ਕਰਦਿਆਂ ਆਪਣੇ ਐਕਸ ਅਕਾਊਂਟ 'ਤੇ ਲਿਖਿਆ ਹੈ, ਵਿਭਿੰਨਤਾ ਕੈਨੇਡਾ ਦੀ ਤਾਕਤ ਹੈ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਇਤਿਹਾਸ ਬਣਦਿਆਂ ਦੇਖਣ ਆਏ ਹਨ। ਅਸੀਂ ਰੋਜਰ ਸੈਂਟਰ ਦੀਆਂ ਸਾਰੀਆਂ ਟਿਕਟਾਂ ਵੇਚ ਦਿੱਤੀਆਂ। ਜਿਸ ਤੋਂ ਬਾਅਦ ਦਿਲਜੀਤ ਵੱਲੋਂ ਪਾਈ ਗਈ ਵੀਡੀਓ ਵਾਇਰਲ ਹੋ ਗਈ ਹੈ। ਵੀਡੀਓ ਦੇ ਅਖ਼ੀਰ 'ਤੇ ਦੇਖਿਆ ਜਾ ਸਕਦਾ ਹੈ ਕਿ ਦਿਲਜੀਤ ਦੋਸਾਂਝ ਇੱਕ ਵਾਰ ਫਿਰ ਆਪਣੇ ਗਰੁੱਪ ਨਾਲ ਕਹਿੰਦੇ ਹਨ, 'ਪੰਜਾਬੀ ਆ ਗਏ ਓਏ'।

ਦਿਲਜੀਤ ਦੋਸਾਂਝ ਦਾ ਗਾਇਕੀ ਦਾ ਸਫ਼ਰ

ਪੰਜਾਬੀ ਗਾਇਕ ਦਿਲਜੀਤ ਦੋਸਾਂਝ ਫਿਲਹਾਲ ਪੰਜਾਬੀ ਮਨੋਰੰਜਨ ਜਗਤ ਦੇ ਮਾਊਂਟ ਐਵਰੈਸਟ ਉੱਤੇ ਚੌਕੜੀ ਮਾਰ ਕੇ ਬੈਠੇ ਹਨ।ਦੋਸਾਂਝ ਕਲਾਂ ਵਿੱਚ ਜਨਮੇ ਦਿਲਜੀਤ ਨੇ ਆਪਣਾ ਗਾਇਕੀ ਦਾ ਸਫ਼ਰ ਸਥਾਨਕ ਗੁਰਦੁਆਰੇ ਵਿੱਚ ਕੀਰਤਨ ਨਾਲ ਸ਼ੁਰੂ ਕੀਤਾ। ਜੋ ਲੋਕ ਉਨ੍ਹਾਂ ਨੂੰ ਉਦੋਂ ਤੋਂ ਜਾਣਦੇ ਹਨ, ਉਹ ਦੱਸਦੇ ਹਨ ਕਿ ਉਨ੍ਹਾਂ ਦੇ ਮਸਾਂ ਹੀ ਕੋਈ ਦਾੜ੍ਹੀ ਹੁੰਦੀ ਸੀ ਪਰ ਉਨ੍ਹਾਂ ਵਿੱਚ ਲੈਅ ਸੀ, ਭੰਗੜਾ ਸੋਹਣਾ ਪਾਉਂਦੇ ਸਨ ਅਤੇ ਬਹੁਤ ਸੋਹਣੀ ਪੱਗ ਬੰਨ੍ਹਦੇ ਸਨ। ਸੋਲਾਂ ਸਾਲ ਦੀ ਉਮਰ ਵਿੱਚ ਦਿਲਜੀਤ ਨੇ ਪਹਿਲੀ ਐਲਬਮ ਜਾਰੀ ਕੀਤੀ। ਗੀਤ ਨਾਈਟ ਕਲੱਬਾਂ ਦੀ ਥਾਂ ਵਿਆਹਾਂ ਦੀ ਸ਼ੋਭਾ ਜ਼ਿਆਦਾ ਬਣੇ, ਜਿੱਥੇ ਉਨ੍ਹਾਂ ਦੇ ਭੋਲੇਪਨ ਅਤੇ ਰੂਹ ਤੋਂ ਨਿਕਲੀ ਅਵਾਜ਼ ਨੇ ਉਨ੍ਹਾਂ ਨੂੰ ਝੱਟ ਹੀ ਮਸ਼ਹੂਰ ਕਰ ਦਿੱਤਾ। ਜਲਦੀ ਹੀ ਉਨ੍ਹਾਂ ਨੂੰ ਲਗਭਗ ਹਰ ਰੋਜ਼ ਹੀ ਸ਼ੋਅ ਮਿਲਣ ਲੱਗ ਪਏ।ਕੁਝ ਸਾਲਾਂ ਬਾਅਦ ਉਨ੍ਹਾਂ ਦੇ ਪਿਤਾ ਨੇ ਮਾਮੇ ਨਾਲ ਲੁਧਿਆਣੇ ਸ਼ਹਿਰ ਵਿੱਚ ਸਿੱਖਣ ਅਤੇ ਰਹਿਣ ਲਈ ਭੇਜ ਦਿੱਤਾ। ਉਹ ਇੱਕ ਸਥਾਨਕ ਸੰਗੀਤਕਾਰ ਸਨ।ਉਸ ਸਮੇਂ ਪੰਜਾਬੀ ਗਾਇਕੀ ਵਿੱਚ ਖੇਤਰੀ ਕਲਾਕਾਰ ਪੌਪ ਸੰਗੀਤ ਨਾਲ ਪ੍ਰਯੋਗ ਕਰ ਰਹੇ ਸਨ ਅਤੇ ਦਲੇਰ ਮਹਿੰਦੀ ਦਾ ਸਮਾਂ ਸੀ।ਦਿਲਜੀਤ ਦੋਸਾਂਝ ਇੱਕ ਅਜਿਹੀ ਪੀੜ੍ਹੀ ਦੀ ਨੁਮਾਇੰਦਗੀ ਕਰ ਰਹੇ ਹਰ ਜੋ ਪੰਜਾਬੀ ਸੰਗੀਤ ਅਤੇ ਗਾਇਕੀ ਨੂੰ ਰੈਪ ਅਤੇ ਹਿਪ-ਹੌਪ ਨਾਲ ਮਿਲਾ ਕੇ ਗਾ ਰਹੀ ਹੈ।ਦਿਲਜੀਤ ਦੋਸਾਂਝ ਨੇ ਜਿਵੇਂ ਕਾਮਯਾਬੀ ਦੀਆਂ ਨਵੀਆਂ ਪੈੜਾਂ ਪਾਉਣ ਨਾਲ ਸਹਿਜੇ ਹੀ ਰਿਸ਼ਤਾ ਜੋੜ ਲਿਆ ਹੈ, ਤਾਂ ਹੀ ਤਾਂ ਆਏ ਦਿਨ ਉਨ੍ਹਾਂ ਦੇ ਚਰਚੇ ਹੁੰਦੇ ਰਹਿੰਦੇ ਹਨ।ਦਿਲਜੀਤ ਦੋਸਾਂਝ ਨੇ ਦੇਸ਼ਾਂ-ਵਿਦੇਸ਼ਾਂ ਵਿੱਚ ਆਪਣੀ ਛਾਪ ਛੱਡੀ ਹੈ। ਜਿੱਥੇ ਬੌਲੀਵੁੱਡ ਦਿਲਜੀਤ ਦਾ ਫੈਨ ਹੋ ਗਿਆ ਹੈ, ਇੱਥੇ ਵਿਦੇਸ਼ਾਂ ਦੀ ਖ਼ਾਸ ਮੰਨੀਆਂ ਜਾਂਦੀਆਂ ਸਟੇਜਾਂ ਵਿੱਚ ਦਿਲਜੀਤ ਲਈ ਰਸਤਾ ਤੱਕਦੀਆਂ ਹਨ।

ਕੋਚੇਲਾ ਤੋਂ ਜਿੰਮੀ ਫੈਲਨ ਦੇ ਸ਼ੋਅ ਤੱਕ ਦਿਲਜੀਤ ਦੇ ਚਰਚੇ

ਬੀਤੇ ਸਾਲ ਅਪ੍ਰੈਲ 2023 ਵਿੱਚ ਦਿਲਜੀਤ ਦੋਸਾਂਝ ਨੇ 'ਕੋਚੇਲਾ ਸੰਗੀਤ ਫੈਸਟੀਵਲ' ਵਿੱਚ ਪੇਸ਼ਕਾਰੀ ਦਿੱਤੀ ਸੀ। ਇਸ ਫੈਸਟੀਵਲ ਵਿੱਚ ਗਾਉਣ ਵਾਲੇ ਉਹ ਪਹਿਲੇ ਪੰਜਾਬ ਕਲਾਕਾਰ ਬਣ ਗਏ ਸਨ।ਉਨ੍ਹਾਂ ਨੇ ਕਾਲਾ ਕੁੜਤਾ ਚਾਦਰਾ ਪਾ ਕੇ ਇਸ ਵਿੱਚ ਪਰਫਾਰਮ ਕੀਤਾ ਸੀ।ਕੋਚੇਲਾ ਨੂੰ ਕੋਚੇਲਾ ਵੈਲੀ ਮਿਊਜ਼ਿਕ ਐਂਡ ਆਰਟਸ ਫ਼ੈਸਟੀਵਲ ਕਿਹਾ ਜਾਂਦਾ ਹੈ।ਇਸ ਈਵੈਂਟ ਦਾ ਮਕਸਦ ਸੰਗੀਤ ਅਤੇ ਕਲਾ ਦਾ ਜਸ਼ਨ ਮਨਾਉਣਾ ਹੈ। 1999 ਵਿੱਚ ਇਸ ਦੀ ਸ਼ੁਰੂਆਤ ਹੋਈ ਸੀ।ਮਾਰਚ 2024 ਵਿੱਚ ਦਿਲਜੀਤ ਦੋਸਾਂਝ ਨੇ ਅੰਗਰੇਜ਼ੀ ਪੌਪ ਗਾਇਕ ਐੱਡ ਸ਼ੀਰਨ ਵੀ ਸਟੇਜ ਸਾਂਝੀ ਕੀਤੀ ਸੀ।ਦਿਲਜੀਤ ਨਾਲ ਗਾਉਣ ਮਗਰੋਂ ਐੱਡ ਸ਼ੀਰਨ ਨੇ ਇੰਸਟਾ 'ਤੇ ਲਿਖਿਆ ਸੀ, ਮੈਨੂੰ ਦਿਲਜੀਤ ਨਾਲ ਮੁੰਬਈ ਵਿੱਚ ਗਾਉਣ ਦਾ ਮੌਕਾ ਮਿਲਿਆ ਅਤੇ ਪਹਿਲੀ ਵਾਰ ਪੰਜਾਬੀ ਵਿੱਚ... ਮੇਰਾ ਭਾਰਤ ਵਿੱਚ ਬਹੁਤ ਚੰਗਾ ਸਮਾਂ ਲੰਘਿਆ ਹੈ ਅਤੇ ਅਗਲਾ ਵੀ ਚੰਗਾ ਹੋਵੇਗਾ। ਐੱਡ ਸ਼ੀਰਨ ਦੇ ਦਿਲਜੀਤ ਦੋਸਾਂਝ ਦਾ ਗੀਤ ਪੰਜਾਬੀ ਵਿੱਚ ਵੀ ਗਾਇਆ ਸੀ। ਇਸ ਤੋਂ ਪਹਿਲਾਂ ਹਾਲ ਹੀ ਵਿੱਚ ਦਿਲਜੀਤ ਦੋਸਾਂਝ ਅਮਰੀਕਾ ਦੇ ਮਸ਼ਹੂਰ ਟੌਕ ਸ਼ੋਅ 'ਟੂਨਾਈਟ ਸ਼ੋਅ ਵਿਦ ਜਿੰਮੀ ਫੈਲਨ' ਵਿੱਚ ਨਜ਼ਰ ਆਏ ਸਨ। ਦਿ ਟੂਨਾਈਟ ਸ਼ੋਅ ਵਿਦ ਜਿੰਮੀ ਫੈਲਨ ਨੈਸ਼ਨਲ ਬ੍ਰਾਡਕਾਸਟਿੰਗ ਕਾਰਪੋਰੇਸ਼ਨ ਵੱਲੋਂ ਪ੍ਰਸਾਰਿਤ ਕੀਤਾ ਜਾਂਦਾ ਹੈ।ਐੱਨਬੀਸੀ ਦੀ ਵੈੱਬਸਾਈਟ ਮੁਤਾਬਕ 'ਦਿ ਟੂਨਾਇਟ ਸ਼ੋਅ' ਅਮਰੀਕੀ ਟੈਲੀਵਿਜ਼ਨ ਜਗਤ ਵਿੱਚ ਇੱਕ ਵੱਡਾ ਨਾਮ ਰਿਹਾ ਹੈ, ਜਿਸ ਵਿੱਚ ਵੱਡੇ ਸੈਲੀਬ੍ਰਿਟੀ, ਗਾਇਕ ਅਤੇ ਕਾਮੇਡੀਅਨ ਆ ਚੁੱਕੇ ਹਨ।'ਦਿ ਟੂਨਾਈਟ ਸ਼ੋਅ' ਦੇ ਜਿੱਥੇ ਯੂਟਿਊਬ ਉੱਤੇ ਕਰੀਬ 31.6 ਮਿਲੀਅਨ ਫੋਲੋਅਰ ਹਨ ਉੱਥੇ ਹੀ ਇੰਸਟਾਗ੍ਰਾਮ ਉੱਤੇ ਇਸ ਦੇ 16.1 ਮਿਲੀਅਨ ਫੋਲੋਅਰ ਹਨ।ਹਾਲ ਹੀ ਵਿੱਚ ਦਿਲਜੀਤ ਦੀ ਮੁੱਖ ਭੂਮਿਕਾ ਵਾਲੀ ਫ਼ਿਲਮ ਚਮਕੀਲਾ ਵੀ ਨੈੱਟਫਲਿਕਸ ਉੱਤੇ ਰਿਲੀਜ਼ ਹੋਈ ਹੈ।ਇਹ ਫ਼ਿਲਮ ਮਰਹੂਮ ਪੰਜਾਬੀ ਗਾਇਕ ਅਮਰ ਸਿੰਘ ਚਮਕੀਲਾ ਤੇ ਅਮਰਜੋਤ ਕੌਰ ਦੀ ਜੋੜੀ ਉੱਤੇ ਸੀ। ਇਸ ਵਿੱਚ ਦਿਲਜੀਤ ਦੀ ਐਕਟਿੰਗ ਨੂੰ ਕਾਫੀ ਸਰਾਹਿਆ ਗਿਆ ਸੀ।

ਕੈਨੇਡਾ 'ਚ ਲਗਾਤਾਰ ਵਧ ਰਹੀ ਪ੍ਰਵਾਸੀਆਂ ਦੀ ਗਿਣਤੀ, ਬੇਰੁਜ਼ਗਾਰੀ ਤੇ ਰਿਹਾਇਸ਼ੀ ਸੰਕਟ ਸਮੇਤ ਇਹ ਮੁੱਦੇ ਬਣੇ ਵੱਡੀ ਚੁਣੌਤੀ

ਟੋਰਾਂਟੋ - ਕੈਨੇਡਾ ਵਿੱਚ ਰਹਿ ਰਹੇ ਭਾਰਤੀਆਂ ਲਈ ਬੇਰੁਜ਼ਗਾਰੀ ਅਤੇ ਰਿਹਾਇਸ਼ੀ ਸੰਕਟ ਦਾ ਮੁੱਦਾ ਲਗਾਤਾਰ ਵਧਦਾ ਜਾ ਰਿਹਾ ਹੈ। ਇਸ ਦੇ ਨਾਲ ਹੀ ਸਭ ਤੋਂ ਵੱਡੀ ਇਕ ਹੋਰ ਚੁਣੌਤੀ ਹੈਲਥ ਕੇਅਰ ਵੀ ਨਵਾਂ ਸੰਕਟ ਬਣ ਕੇ ਉਭਰਿਆ ਹੈ। ਜਿਵੇਂ-ਜਿਵੇਂ ਇੱਥੇ ਨਵੇਂ ਪਰਵਾਸੀਆਂ ਦੀ ਗਿਣਤੀ ਵਧ ਰਹੀ ਹੈ, ਉੱਥੇ ਲੋਕਾਂ ਨੂੰ ਨੌਕਰੀਆਂ ਵੀ ਨਹੀਂ ਮਿਲ ਰਹੀਆਂ ਹਨ। ਕੈਨੇਡਾ ਦੀ ਆਰਥਿਕਤਾ ਅਨੁਸਾਰ ਨੌਕਰੀਆਂ ਦੀਆਂ ਅਸਾਮੀਆਂ ਆਉਂਦੀਆਂ ਰਹਿੰਦੀਆਂ ਹਨ ਪਰ ਇੱਥੇ ਪ੍ਰਵਾਸੀਆਂ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ। ਜਿਸ ਕਾਰਨ ਕੈਨੇਡਾ ਦੇ ਨਾਗਰਿਕਾਂ ਨੂੰ ਵੀ ਨੌਕਰੀਆਂ ਨਹੀਂ ਮਿਲ ਰਹੀਆਂ। ਕੈਨੇਡਾ ਵਿੱਚ ਲਗਾਤਾਰ ਵਧ ਰਹੀ ਬੇਰੋਜ਼ਗਾਰੀ ਅਤੇ ਰਿਹਾਇਸ਼ੀ ਸੰਕਟ ਦਰਮਿਆਨ ਪਿਛਲੇ ਪੰਜ ਸਾਲਾਂ ਤੋਂ ਇੱਥੇ ਬੇਰੋਜ਼ਗਾਰੀ ਦੀ ਦਰ ਵਧਦੀ ਜਾ ਰਹੀ ਹੈ। ਹੁਣ ਅਜਿਹੀ ਸਥਿਤੀ ਪੈਦਾ ਹੋ ਗਈ ਹੈ ਕਿ ਜੇਕਰ ਕੋਈ ਨਵਾਂ ਪ੍ਰਵਾਸੀ ਆਉਂਦਾ ਹੈ ਤਾਂ ਉਸ ਲਈ ਨੌਕਰੀ ਲੱਭਣਾ ਔਖਾ ਹੋ ਜਾਵੇਗਾ। ਇੰਨਾ ਹੀ ਨਹੀਂ, ਉਸ ਨੂੰ ਇੱਥੇ ਸੈਟਲ ਹੋਣ ਦੀ ਯੋਜਨਾ ਵੀ ਟਾਲਣੀ ਪਵੇਗੀ ਕਿਉਂਕਿ ਇੱਥੇ ਇਕ ਪਾਸੇ ਕਰਜ਼ਾ ਚੁਕਾਉਣ ਦੀ ਟੈਨਸ਼ਨ ਅਤੇ ਦੂਜੇ ਪਾਸੇ ਜੇਕਰ ਸਟੱਡੀ ਵੀਜ਼ਾ ਖਤਮ ਹੋ ਜਾਂਦਾ ਹੈ ਅਤੇ ਇੱਥੇ ਨੌਕਰੀ ਨਹੀਂ ਮਿਲਦੀ ਤਾਂ ਕੈਨੇਡਾ ਵਿੱਚ ਉਸ ਦਾ ਭਵਿੱਖ ਕੀ ਹੋਵੇਗਾ। ਦਿ ਗਲੋਬਲ ਆਊਟਲੈਟ ਦੀ ਇੱਕ ਰਿਪੋਰਟ ਅਨੁਸਾਰ, ਕੈਨੇਡਾ ਦੀ ਸਰਕਾਰੀ ਡਾਟਾ ਏਜੰਸੀ ਨੇ ਨੋਟ ਕੀਤਾ ਹੈ ਕਿ ਪ੍ਰਵਾਸੀਆਂ ਵਿੱਚ ਬੇਰੁਜ਼ਗਾਰੀ ਦੀ ਦਰ 12.6 ਪ੍ਰਤੀਸ਼ਤ ਤੋਂ ਵੱਧ ਗਈ ਹੈ। ਪਿਛਲੇ ਸਾਲ 4 ਪ੍ਰਤੀਸ਼ਤ ਦੇ ਕਰੀਬ ਸੀ। ਇੰਨਾ ਹੀ ਨਹੀਂ, ਜੇਕਰ ਅਸੀਂ ਸਮੁੱਚੇ ਤੌਰ @ਤੇ ਦੇਖੀਏ ਤਾਂ ਕੈਨੇਡਾ @ਚ 6.4 ਫੀਸਦੀ ਬੇਰੋਜ਼ਗਾਰੀ ਦਰ ਹੈ। ਇਸ ਨਾਲ ਕੈਨੇਡੀਅਨ ਮੂਲ ਦੇ ਨਾਗਰਿਕਾਂ ਵਿੱਚ ਵੀ ਬੇਰੋਜ਼ਗਾਰੀ ਦੀ ਦਰ ਵੱਧ ਗਈ ਹੈ। ਇੱਕ ਦਹਾਕੇ ਬਾਅਦ, ਉਨ੍ਹਾਂ ਦੇ ਬੇਰੁਜ਼ਗਾਰ ਲੋਕਾਂ ਦੀ ਦਰ ਸਭ ਤੋਂ ਵੱਧ ਹੈ। 30 ਪ੍ਰਤੀਸ਼ਤ ਭਾਰਤੀਆਂ ਨੇ ਪਿਛਲੇ ਪੰਜ ਸਾਲਾਂ ਵਿੱਚ ਪੀਆਰ ਨਾਲ ਸਮਝੌਤਾ ਕੀਤਾ ਹੈ ਇੱਥੋਂ ਤੱਕ ਕਿ ਕੈਨੇਡਾ ਵਿੱਚ ਪੀਆਰ ਪ੍ਰਾਪਤ ਕਰਨ ਵਾਲੇ ਭਾਰਤੀਆਂ ਨੂੰ ਹੁਣ ਨੌਕਰੀ ਲੈਣ ਲਈ ਬਹੁਤ ਉਲਝਣ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਅੰਕੜਿਆਂ ਅਨੁਸਾਰ, ਹਾਲ ਹੀ ਵਿੱਚ ਪੱਕੇ ਵਸਨੀਕ ਬਣੇ ਲੋਕਾਂ ਨੇ ਵੀ ਆਪਣਾ ਪੀਆਰ ਦਰਜਾ ਛੱਡ ਦਿੱਤਾ ਹੈ। ਹਾਲਾਂਕਿ ਸਾਲ 2023 @ਚ 4 ਲੱਖ 71 ਹਜ਼ਾਰ 810 ਨਵੇਂ ਪੀਆਰ ਸਟੇਟਸ ਦਿੱਤੇ ਗਏ ਸਨ, ਜਿਨ੍ਹਾਂ @ਚੋਂ 1 ਲੱਖ 39 ਹਜ਼ਾਰ 785 ਭਾਰਤੀ ਸਨ। ਭਾਵ ਪੀਆਰ ਪ੍ਰਾਪਤ ਕਰਨ ਵਾਲਿਆਂ ਵਿੱਚ 30 ਫੀਸਦੀ ਭਾਰਤੀ ਸਨ। ਇਮੀਗ੍ਰੇਸ਼ਨ, ਰਫਿਊਜੀਜ਼ ਅਤੇ ਸਿਟੀਜ਼ਨਸ਼ਿਪ ਕੈਨੇਡਾ ਦੇ ਅੰਕੜਿਆਂ ਅਨੁਸਾਰ ਕੁੱਲ ਲੋਕਾਂ ਨੂੰ ਅਲਾਟ ਕੀਤੇ ਗਏ ਪੀਆਰ ਸਟੇਟਸ ਦਾ 28 ਫੀਸਦੀ ਭਾਰਤੀ ਹਨ। ਲੇਬਰ ਡਿਪਾਰਟਮੈਂਟ ਦੀ ਰਿਪੋਰਟ ਅਨੁਸਾਰ, ਇਕੱਲੇ ਜੂਨ 2024 ਦੇ ਮਹੀਨੇ ਵਿੱਚ ਇੱਥੇ 1.4 ਮਿਲੀਅਨ ਬੇਰੁਜ਼ਗਾਰ ਦੇਖੇ ਗਏ ਸਨ। ਪਿਛਲੇ ਮਹੀਨੇ ਦੇ ਮੁਕਾਬਲੇ 42 ਹਜ਼ਾਰ ਲੋਕਾਂ ਦੀ ਬੇਰੁਜ਼ਗਾਰੀ ਵਧੀ ਹੈ, ਯਾਨੀ ਕਿ 3.1 ਫੀਸਦੀ ਦਾ ਵਾਧਾ ਹੋਇਆ ਹੈ। ਨੌਜਵਾਨ ਕੈਨੇਡੀਅਨਾਂ ਵਿੱਚ, 13.5 ਪ੍ਰਤੀਸ਼ਤ ਬੇਰੁਜ਼ਗਾਰ ਹਨ, ਜਿਨ੍ਹਾਂ ਦੀ ਉਮਰ 15 ਤੋਂ 24 ਸਾਲ ਦੇ ਵਿਚਕਾਰ ਹੈ। ਇਸ ਨਾਲ ਹੀ 24 ਤੋਂ 54 ਸਾਲ ਦੀ ਉਮਰ ਦੇ ਕਾਲੇ ਕੈਨੇਡੀਅਨਾਂ ਵਿੱਚ, ਬੇਰੁਜ਼ਗਾਰੀ ਦਰ 11.9 ਪ੍ਰਤੀਸ਼ਤ ਹੈ। ਆਊਟਲੈਟ ਬੈਟਰ ਡਵੈਲਿੰਗ ਨੇ ਕਿਹਾ ਕਿ ਸਮੱਸਿਆ ਇਹ ਨਹੀਂ ਹੈ ਕਿ ਕੈਨੇਡਾ ਵਿੱਚ ਨੌਕਰੀਆਂ ਖਤਮ ਹੋ ਗਈਆਂ ਹਨ, ਪਰ ਇਹ ਹੈ ਕਿ ਅਚਾਨਕ ਪਰਵਾਸੀਆਂ ਦੀ ਗਿਣਤੀ ਇੰਨੀ ਵੱਧ ਗਈ ਹੈ ਕਿ ਲੋਕਾਂ ਨੂੰ ਨੌਕਰੀਆਂ ਪ੍ਰਾਪਤ ਕਰਨ ਵਿੱਚ ਮੁਸ਼ਕਲ ਆ ਰਹੀ ਹੈ। ਇਮੀਗ੍ਰੇਸ਼ਨ ਇੰਨਾ ਵਧ ਗਿਆ ਹੈ ਕਿ ਰੁਜ਼ਗਾਰ ਪੈਦਾ ਕਰਨ ਲਈ ਦੇਸ਼ ਦੀ ਆਰਥਿਕਤਾ ਦੀ ਸਮਰੱਥਾ ਨਾਲੋਂ ਪਰਵਾਸੀਆਂ ਦੀ ਗਿਣਤੀ ਵੱਧ ਗਈ ਹੈ। ਉਸੇ ਭੂਮਿਕਾ ਲਈ ਤਜਰਬੇਕਾਰ ਅਤੇ ਤਜਰਬੇਕਾਰ ਘੱਟ ਤਨਖਾਹ ਵਾਲੇ ਕਾਮਿਆਂ ਵਿਚਕਾਰ ਮੁਕਾਬਲਾ ਹੈ, ਜਿਸ ਕਾਰਨ ਬੇਰੁਜ਼ਗਾਰੀ ਦਰ ਹੇਠਾਂ ਨਹੀਂ ਆ ਰਹੀ ਹੈ।ਕੈਨੇਡਾ ਵਿੱਚ ਆਰਥਿਕਤਾ ਭਾਰੀ ਦਬਾਅ ਹੇਠ ਆ ਗਈ ਹੈ।

ਪਾਬੰਦੀਆਂ ਦੇ ਬਾਵਜੂਦ ਕੈਨੇਡਾ 'ਚ ਅੰਤਰਰਾਸ਼ਟਰੀ ਸਟੱਡੀ ਵੀਜ਼ਾ 'ਚ 13 ਫ਼ੀਸਦੀ ਵਾਧਾ

ਟੋਰਾਂਟੋ: ਕੈਨੇਡਾ ਵਿਚ ਅੰਤਰਰਾਸ਼ਟਰੀ ਸਟੱਡੀ ਵੀਜ਼ਾ ਵਿਚ ਜ਼ਿਕਰਯੋਗ ਵਾਧਾ ਦੇਖਣ ਨੂੰ ਮਿਲਿਆ ਹੈ। ਕੈਨੇਡਾ ਦੀ ਸਰਕਾਰ ਨੇ ਭਾਵੇਂ ਕਿਹਾ ਹੈ ਕਿ ਉਸ ਦਾ ਉਦੇਸ਼ ਦੇਸ਼ ਵਿੱਚ ਦਾਖਲ ਹੋਣ ਵਾਲੇ ਅਸਥਾਈ ਨਿਵਾਸੀਆਂ ਦੀ ਗਿਣਤੀ ਨੂੰ ਰੋਕਣਾ ਹੈ ਪਰ ਇਸ ਸਾਲ ਦੇ ਪਹਿਲੇ ਚਾਰ ਮਹੀਨਿਆਂ ਵਿੱਚ ਸਟੱਡੀ ਪਰਮਿਟ ਪ੍ਰਾਪਤ ਕਰਨ ਵਾਲੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਵਿੱਚ ਵਾਧਾ ਹੋਇਆ ਹੈ। ਆਸਰਾ ਦੇਣ ਦੀ ਸਮਰੱਥਾ ਦੇ ਸੰਕਟ ਨੇ ਜਸਟਿਨ ਟਰੂਡੋ ਸਰਕਾਰ ਦੀ ਲੋਕਪ੍ਰਿਅਤਾ ਨੂੰ ਨਕਾਰਾਤਮਕ ਤੌਰ @ਤੇ ਪ੍ਰਭਾਵਿਤ ਕੀਤਾ ਹੈ। ਇਸ ਲਈ ਅੰਤਰਰਾਸ਼ਟਰੀ ਵਿਦਿਆਰਥੀਆਂ ਵਾਂਗ ਅਸਥਾਈ ਨਿਵਾਸੀਆਂ ਦੇ ਦਾਖਲੇ ਨੂੰ ਘਟਾਉਣ ਲਈ ਉਪਾਵਾਂ ਦਾ ਐਲਾਨ ਕੀਤਾ ਗਿਆ ਸੀ। ਹਾਲਾਂਕਿ, ਇਮੀਗ੍ਰੇਸ਼ਨ, ਰਫਿਊਜੀਜ਼ ਅਤੇ ਸਿਟੀਜ਼ਨਸ਼ਿਪ ਕੈਨੇਡਾ (ਆਈ.ਆਰ.ਸੀ.ਸੀ) ਦੇ ਅੰਕੜਿਆਂ ਅਨੁਸਾਰ 2023 ਦੀ ਇਸੇ ਮਿਆਦ ਦੇ ਮੁਕਾਬਲੇ ਇਸ ਸਾਲ ਜਨਵਰੀ ਅਤੇ ਅਪ੍ਰੈਲ ਵਿਚਕਾਰ ਇਹ ਗਿਣਤੀ ਅਸਲ ਵਿਚ ਵਧੀ ਹੈ। ਪਿਛਲੇ ਸਾਲ ਇਨ੍ਹਾਂ ਚਾਰ ਮਹੀਨਿਆਂ ਦੌਰਾਨ ਜਾਰੀ ਕੀਤੇ ਗਏ ਕੁੱਲ ਅਧਿਐਨ ਪਰਮਿਟ 1,65,805 ਸਨ ਅਤੇ 2024 ਵਿੱਚ ਵਧ ਕੇ 1,87,510 ਹੋ ਗਏ। ਇਹ ਵੀਜ਼ਾ ਪ੍ਰਾਪਤ ਕਰਨ ਵਾਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵੀ ਇਸੇ ਸਮੇਂ ਦੌਰਾਨ 72,750 ਤੋਂ ਵਧ ਕੇ 81,260 ਹੋ ਗਈ, ਜੋ ਕੁੱਲ ਦੇ ਲਗਭਗ 43% 'ਤੇ ਸਥਿਰ ਰਹੀ।ਕੈਨੇਡਾ ਵੱਲੋਂ 2023 ਵਿੱਚ ਜਾਰੀ ਕੀਤੇ ਗਏ ਕੁੱਲ 68,24,305 ਸਟੱਡੀ ਪਰਮ

ਅਕਾਲ ਤਖ਼ਤ ਵੱਲੋਂ ਸੁਖਬੀਰ ਬਾਦਲ ਤੇ ਸ਼੍ਰੋਮਣੀ ਕਮੇਟੀ ਨੂੰ ਤਲਬ ਕਰਨ ਦੇ ਕੀ ਮਾਅਨੇ ਹਨ, ਅੱਗੇ ਕੀ ਹੋ ਸਕਦਾ ਹੈ

ਬਾਗ਼ੀ ਅਕਾਲੀ ਆਗੂਆਂ ਦੀ ਸੁਖਬੀਰ ਬਾਦਲ ਦੀ ਪ੍ਰਧਾਨਗੀ ਖ਼ਿਲਾਫ਼ ਵਿੱਢੀ ਗਈ ਮੁਹਿੰਮ ਦੇ ਵਿਚਾਲੇ ਸ੍ਰੀ ਅਕਾਲ ਤਖ਼ਤ ਸਕੱਤਰੇਤ ਨੇ ਸੁਖਬੀਰ ਬਾਦਲ ਨੂੰ ਤਲਬ ਕੀਤਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਸਕਤਰੇਤ ਵਿਖੇ ਪੰਜ ਸਿੰਘ ਸਾਹਿਬਾਨਾਂ ਦੀ ਬੈਠਕ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੂੰ 15 ਦਿਨਾਂ ਦੇ ਅੰਦਰ-ਅੰਦਰ ਨਿੱਜੀ ਤੌਰ ਉੱਤੇ ਪੁੱਜ ਕੇ ਲਿਖ਼ਤੀ ਰੂਪ ਵਿੱਚ ਸਪੱਸ਼ਟੀਕਰਨ ਦੇਣ ਲਈ ਕਿਹਾ ਗਿਆ ਗਿਆ ਹੈ।ਦਰਅਸਲ 1 ਜੁਲਾਈ ਨੂੰ ਬਾਗ਼ੀ ਧੜੇ ਵਿੱਚ ਸ਼ਾਮਲ ਸੀਨੀਅਰ ਆਗੂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਹੋਏ ਸਨ। ਉਨ੍ਹਾਂ ਨੇ ਇਸ ਮੌਕੇ ਚਾਰ ਸਫ਼ਿਆਂ ਦਾ ਮੁਆਫ਼ੀਨਾਮਾ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਰਘਬੀਰ ਸਿੰਘ ਨੂੰ ਸੌਂਪਿਆ ਸੀ।ਉਨ੍ਹਾਂ ਨੇ ਇਹ ਵੀ ਇਲਜ਼ਾਮ ਲਗਾਏ ਸਨ ਕਿ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪੰਥਕ ਭਾਵਨਾਵਾਂ ਦੀ ਤਰਜਮਾਨੀ ਨਹੀਂ ਕੀਤੀ।ਆਪਣੇ ਮੁਆਫ਼ੀਨਾਮੇ ਵਿੱਚ ਉਨ੍ਹਾਂ ਨੇ 2007 ਤੋਂ ਲੈ ਕੇ 2017 ਤੱਕ ਅਕਾਲੀ ਦਲ ਦੀ ਸਰਕਾਰ ਵੇਲੇ ਹੋਈਆਂ ਗਲਤੀਆਂ ਦੀ ਮੁਆਫ਼ੀ ਮੰਗੀ ਸੀ।ਸੋਮਵਾਰ ਨੂੰ ਜਾਰੀ ਕੀਤੀਆਂ ਗਈਆਂ ਹਦਾਇਤਾਂ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲੋਂ ਸਾਲ 2015 ਵਿੱਚ ਡੇਰਾ ਸੱਚਾ ਸੌਦਾ ਦੇ ਮੁਖੀ ਨੂੰ ਮੁਆਫ਼ੀ ਦੇਣ ਬਾਰੇ ਦਿੱਤੇ ਗਏ 90 ਲੱਖ ਰੁਪਏ ਦੇ ਇਸ਼ਤਿਹਾਰਾਂ ਬਾਰੇ ਵੀ ਸਪਸ਼ਟੀਕਰਨ ਮੰਗਿਆ ਗਿਆ ਹੈ।ਸੋਮਵਾਰ ਨੂੰ ਹੀ ਇੱਕ ਪਾਸੇ ਜਿੱਥੇ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਦੀ ਵੀ ਚੰਡੀਗੜ੍ਹ ਵਿੱਚ ਮੀਟਿੰਗ ਹੋਈ ਉੱਥੇ ਹੀ ਦੂਜੇ ਪਾਸੇ ਬਾਗ਼ੀ ਧੜੇ ਦੇ ਆਗੂਆਂ ਨੇ ਵੀ ਬੈਠਕ ਤੋਂ ਬਾਅਦ ਐਲਾਨ ਕੀਤੇ।ਮੰਗਲਵਾਰ ਨੂੰ ਸੁਖਬੀਰ ਬਾਦਲ ਨੇ ਆਪਣੇ ਐਕਸ ਅਕਾਊਂਟ ਉੱਤੇ ਲਿਖਿਆ ਕਿ ਉਹ ਨਿਮਰਤਾ ਸਹਿਤ ਅਕਾਲ ਤਖ਼ਤ ਸਾਹਿਬ ਅੱਗੇ ਪੇਸ਼ ਹੋਣਗੇ।

ਬਾਗ਼ੀ ਧੜੇ ਨੇ ਕੀ ਐਲਾਨ ਕੀਤਾ

ਸੋਮਵਾਰ ਨੂੰ ਬੋਲਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਜਗੀਰ ਕੌਰ ਨੇ ਕਿਹਾ ਕਿ ਅੱਜ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਸ਼ੁਰੂ ਹੋ ਰਹੀ ਹੈ।ਉਨ੍ਹਾਂ ਕਿਹਾ ਕਿ ਇਸ ਲਹਿਰ ਦੇ ਕਨਵੀਨਰ ਗੁਰਪ੍ਰਤਾਪ ਸਿੰਘ ਵਡਾਲਾ ਨੂੰ ਬਣਾਇਆ ਗਿਆ ਹੈ।ਗੁਰਪ੍ਰਤਾਪ ਸਿੰਘ ਵਡਾਲਾ ਮਰਹੂਮ ਅਕਾਲੀ ਆਗੂ ਕੁਲਦੀਪ ਸਿੰਘ ਵਡਾਲਾ ਦੇ ਪੁੱਤਰ ਹਨ, ਉਹ ਨਕੋਦਰ ਤੋਂ ਵਿਧਾਇਕ ਵੀ ਰਹਿ ਚੁੱਕੇ ਹਨ।

ਅਕਾਲੀ ਆਗੂਆਂ ਨੇ ਕੀ ਕਿਹਾ

ਇਸ ਮਗਰੋਂ ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਅਰਸ਼ਦੀਪ ਸਿੰਘ ਕਲੇਰ ਨੇ ਬਿਆਨ ਜਾਰੀ ਕਰਦਿਆਂ ਕਿਹਾ ਕਿ ਅਕਾਲੀ ਦਲ ਦੀ ਲੀਡਰਸ਼ਿਪ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਦੀ ਪਾਲਣਾ ਕਰੇਗੀ।ਅਕਾਲੀ ਆਗੂ ਦਲਜੀਤ ਸਿੰਘ ਚੀਮਾ ਕਿਹਾ ਕਿ ਬਾਗ਼ੀ ਅਕਾਲੀ ਆਗੂ ਪਾਰਟੀ ਦਾ ਨੁਕਸਾਨ ਕਰਨਾ ਚਾਹੁੰਦੇ ਹਨ। ਉਹ ਕਹਿੰਦੇ ਹਨ ਸੁਖਬੀਰ ਬਾਦਲ ਨੇ ਕਈ ਮੀਟਿੰਗਾਂ ਕੀਤੀਆਂ ਉਦੋਂ ਉਨ੍ਹਾਂ ਨੇ ਆਪਣਾ ਪੱਖ ਨਹੀਂ ਰੱਖਿਆ।

ਬਾਗ਼ੀ ਧੜੇ ਨੂੰ ਪ੍ਰਵਾਨਗੀ ਮਿਲੀ

ਸੀਨੀਅਰ ਪੱਤਰਕਾਰ ਬਲਜੀਤ ਬੱਲੀ ਕਹਿੰਦੇ ਹਨ ਕਿ ਸੁਖਬੀਰ ਬਾਦਲ ਨੂੰ ਜਿਵੇਂ ਨਿੱਜੀ ਤੌਰ ਉੱਤੇ ਪਹੁੰਚ ਕੇ ਜਵਾਬ ਦੇਣ ਲਈ ਕਿਹਾ ਗਿਆ ਹੈ ਤੇ ਬਾਗ਼ੀ ਧੜੇ ਦੇ ਇਲਜ਼ਾਮਾਂ ਦਾ ਪੰਜ ਸਿੰਘ ਸਾਹਿਬਾਨਾਂ ਵੱਲੋਂ ਨੋਟਿਸ ਲਿਆ ਗਿਆ ਹੈ ਉਸ ਨਾਲ ਬਾਗ਼ੀ ਆਗੂਆਂ ਨੂੰ ਇੱਕ ਤਰੀਕੇ ਨਾਲ ਮਾਨਤਾ ਮਿਲੀ ਹੈ। ਉਨ੍ਹਾਂ ਨੇ ਦੱਸਿਆ ਕਿ ਸੁਖਬੀਰ ਬਾਦਲ ਦਾ ਜਵਾਬ ਪਹੁੰਚਣ ਤੋਂ ਬਾਅਦ ਪੰਜ ਸਿੰਘ ਸਾਹਿਬਾਨ ਫ਼ਿਰ ਇਸ ਦੀ ਸਮੀਖਿਆ ਕਰਨਗੇ ਅਤੇ ਦੇਖਣਗੇ ਕਿ ਇਹ ਤੱਥਾਂ ਨਾਲ ਮੇਲ ਖਾਂਦਾ ਹੈ ਜਾਂ ਨਹੀਂ, ਇਸ ਤੋਂ ਇਲਾਵਾ ਜਵਾਬ 'ਤੇ ਸਵਾਲ ਹੋ ਸਕਦੇ ਹਨ।ਉਨ੍ਹਾਂ ਕਿਹਾ ਕਿ ਐੱਸਜੀਪੀਸੀ ਵੱਲੋਂ ਦਿੱਤੇ ਗਏ ਇਸ਼ਤਿਹਾਰਾਂ ਬਾਰੇ ਵੀ ਪਹਿਲਾਂ ਮੁਆਫ਼ੀ ਨਹੀਂ ਮੰਗੀ ਗਈ।ਉਹ ਕਹਿੰਦੇ ਹਨ ਕਿ ਸੋਮਵਾਰ ਦੀਆਂ ਹਦਾਇਤਾਂ ਨੂੰ ਗਜਿੰਦਰ ਸਿੰਘ ਦੇ ਭੋਗ ਮੌਕੇ ਦਿੱਤੀਆਂ ਗਈਆਂ ਹਦਾਇਤਾਂ ਨਾਲ ਵੀ ਜੋੜ ਕੇ ਦੇਖਣਾ ਚਾਹੀਦਾ ਹੈ।ਗਜਿੰਦਰ ਸਿੰਘ ਜਰਨੈਲ ਸਿੰਘ ਭਿੰਡਰਾਵਾਲੇ ਦੀ ਰਿਹਾਈ ਲਈ ਜਹਾਜ਼ ਅਗਵਾ ਕਰਨ ਵਾਲੇ ਦਲ ਖਾਲਸਾ ਦੇ ਆਗੂਆਂ ਵਿੱਚੋ ਇੱਕ ਸਨ।ਉਨ੍ਹਾਂ ਦੀ ਜੁਲਾਈ ਮਹੀਨੇ ਦੀ ਸ਼ੁਰੂਆਤ ਵਿੱਚ ਪਾਕਿਸਤਾਨ ਵਿੱਚ ਮੌਤ ਹੋ ਗਈ ਸੀ।ਇਸ ਮੌਕੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੇ ਗਜਿੰਦਰ ਸਿੰਘ, ਹਰਦੀਪ ਸਿੰਘ ਨਿੱਝਰ ਅਤੇ ਪਰਮਜੀਤ ਸਿੰਘ ਪੰਜਵੜ ਦੀਆਂ ਤਸਵੀਰਾਂ ਕੇਂਦਰੀ ਸਿੱਖ ਅਜਾਇਬਘਰ ਵਿੱਚ ਲਗਾਏ ਜਾਣ ਦੀ ਗੱਲ ਕਹੀ ਸੀ।ਬਲਜੀਤ ਬੱਲੀ ਦੱਸਦੇ ਹਨ ਕਿ ਇਹ ਤਿੰਨੋ ਨਾਂ ਖਾਲਿਸਤਾਨ ਲਹਿਰ ਨਾਲ ਜੁੜੇ ਰਹੇ ਹਨ।ਉਹ ਕਹਿੰਦੇ ਹਨ ਇਹ ਇਸ ਗੱਲ ਵੱਲ੍ਹ ਸੰਕੇਤ ਕਰਦਾ ਹੈ ਕਿ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਅਤੇ ਪੰਜ ਸਿੰਘ ਸਾਹਿਬਾਨ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਦੇ ਮੁਤਾਬਕ ਨਹੀਂ ਚੱਲ ਰਹੇ।ਲੰਬੇ ਸਮੇਂ ਤੋਂ ਪੰਜਾਬ ਕਵਰ ਕਰਦੇ ਆ ਰਹੇ ਬਲਜੀਤ ਬੱਲੀ ਦੱਸਦੇ ਹਨ, ਜਦੋਂ ਵੀ ਅਕਾਲੀ ਦਲ ਵਿੱਚ ਧੜੇਬੰਦੀ ਹੁੰਦੀ ਹੈ ਜਾਂ ਨਿਘਾਰ ਆਉਂਦਾ ਹੈ ਉਦੋਂ ਹਮੇਸ਼ਾ ਹੀ ਕੱਟੜਪੰਥੀ ਧਿਰਾਂ ਹਾਵੀ ਹੁੰਦੀਆਂ ਹਨ। ਉਹ ਕਹਿੰਦੇ ਹਨ, ਜਦੋਂ ਨਰਮ ਅਕਾਲੀ ਧਿਰਾਂ ਕਮਜ਼ੋਰ ਹੁੰਦੀਆਂ ਹਨ ਉਦੋਂ ਗਰਮਦਲੀਏ ਅਕਾਲੀਆਂ ਨੂੰ ਥਾਂ ਮਿਲਦੀ ਹੈ, ਹੁਣ ਵੀ ਅਜਿਹਾ ਹੀ ਹੋ ਰਿਹਾ ਹੈ। ਬਾਗ਼ੀ ਅਕਾਲੀਆਂ ਅਤੇ ਅਕਾਲੀ ਦਲ ਬਾਰੇ ਉਹ ਕਹਿੰਦੇ ਹਨ ਦੋਵੇਂ ਧਿਰਾਂ ਆਪਣੇ ਆਪ ਨੂੰ ਇੱਕ ਤੋਂ ਵੱਡੇ ਪੰਥਕ ਦਿਖਾਉਣ ਦੀ ਕੋਸ਼ਿਸ਼ ਵਿੱਚ ਹਨ।ਅਕਾਲੀ ਦਲ ਦੇ ਭਵਿੱਖ ਬਾਰੇ ਉਹ ਕਹਿੰਦੇ ਹਨ ਕਿ ਆਉਂਦੇ ਸਮੇਂ ਵਿੱਚ ਅਜਿਹੀ ਸੰਭਾਵਨਾ ਹੈ ਕਿ ਅਕਾਲੀ ਦਲ ਦਾ ਸੰਕਟ ਹੋਰ ਡੂੰਘਾ ਹੋਵੇਗਾ, ਇਸ ਵਿੱਚ ਖਿੰਡਾਅ ਵਧੇਗਾ ਤੇ ਅਕਾਲੀ ਦਲ ਹੋਰ ਕਮਜ਼ੋਰ ਹੋਵੇਗਾ।ਸੁਖਬੀਰ ਬਾਦਲ ਸਾਲ 2008 ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਬਣੇ ਸਨ।ਸੁਖਬੀਰ ਬਾਦਲ ਦੀ ਪ੍ਰਧਾਨਗੀ ਦੇ ਵਿਰੋਧ ਵਿੱਚ ਅਕਾਲੀ ਆਗੂਆਂ ਦੇ ਨਿੱਤਰਨ ਦੇ ਇਹ ਪਹਿਲੀ ਘਟਨਾ ਨਹੀਂ ਹੈ।ਇਸ ਤੋਂ ਪਹਿਲਾਂ ਸਾਲ 2018 ਵਿੱਚ ਮਾਝੇ ਦੇ ਸੀਨੀਅਰ ਆਗੂ ਮੰਨੇ ਜਾਂਦੇ ਮਰਹੂਮ ਸੇਵਾ ਸਿੰਘ ਸੇਖਵਾਂ, ਰਤਨ ਸਿੰਘ ਅਜਨਾਲਾ ਤੇ ਮਰਹੂਮ ਰਣਜੀਤ ਸਿੰਘ ਬ੍ਰਹਮਪੁਰਾ ਨੇ ਵੀ ਸੁਖਬੀਰ ਬਾਦਲ ਨੂੰ ਪਾਰਟੀ ਦੀ ਪ੍ਰਧਾਨਗੀ ਤੋਂ ਲਾਂਭੇ ਕੀਤੇ ਜਾਣ ਦੀ ਆਵਾਜ਼ ਚੁੱਕੀ ਸੀ।ਉਨ੍ਹਾਂ ਨੇ ਇਕੱਠਿਆਂ ਅਕਾਲੀ ਦਲ ਟਕਸਾਲੀ ਦਾ ਗਠਨ ਕੀਤਾ ਸੀ।ਇਸ ਤੋਂ ਇੱਕ ਸਾਲ ਬਾਅਦ ਹੀ ਮਾਲਵੇ ਦੇ ਸੀਨੀਅਰ ਆਗੂ ਸੁਖਦੇਵ ਸਿੰਘ ਢੀਂਡਸਾ ਨੇ ਵੀ ਬਾਗੀ ਸੁਰਾਂ ਨਾਲ ਆਪਣੀ ਆਵਾਜ਼ ਰਲਾਈ ਸੀ।2022 ਵਿੱਚ ਭਾਜਪਾ ਨਾਲ ਰਲ ਕੇ ਚੋਣਾਂ ਲੜਨ ਤੋਂ ਬਾਅਦ ਸੁਖਦੇਵ ਸਿੰਘ ਢੀਂਡਸਾ ਮੁੜ ਮਾਰਚ 2024 ਵਿੱਚ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲੇ ਅਕਾਲੀ ਦਲ ਵਿੱਚ ਸ਼ਾਮਲ ਹੋ ਗਏ ਸਨ।

ਜਥੇਦਾਰਾਂ ਦੀ ਬੈਠਕ ਵਿੱਚ ਹੋਰ ਕੀ ਫ਼ੈਸਲੇ ਕੀਤੇ ਗਏ

ਪੰਜ ਸਿੰਘ ਸਾਹਿਬਾਨਾਂ ਦੀ ਬੈਠਕ ਵਿੱਚ ਗੁਰਦੁਆਰਾ ਸਹਿਬਾਨਾਂ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨੂੰ ਰੋਕਣ ਲਈ ਵੀ ਹਦਾਇਤਾਂ ਕੀਤੀਆਂ ਗਈਆਂ।ਅਕਾਲ ਤਖ਼ਤ ਸਕੱਤਰੇਤ ਵੱਲੋਂ ਜਾਰੀ ਹੋਏ ਪ੍ਰੈੱਸ ਨੋਟ ਮੁਤਾਬਕ ਇਹ ਹਦਾਇਤ ਕੀਤੀ ਗਈ ਕਿ ਹਰੇਕ ਗੁਰਦੁਆਰਾ ਸਾਹਿਬ ਵਿੱਚ 24 ਘੰਟਿਆਂ ਲਈ ਪੱਕੇ ਤੌਰ ਉੱਤੇ ਸੇਵਾਦਾਰਾਂ ਦੀ ਡਿਊਟੀ ਯਕੀਨੀ ਬਣਾਈ ਜਾਵੇ।ਇਹ ਵੀ ਕਿਹਾ ਗਿਆ ਕਿ ਇਸ ਵਿੱਚ ਕੁਤਾਹੀ ਹੋਣ ਉੱਤੇ ਜਾਂ ਬੇਅਦਬੀ ਹੋਣ ਦੀ ਸੂਰਤ ਵਿੱਚ ਸਬੰਧਤ ਗੁਰਦੁਆਰਾ ਸਾਹਿਬ ਕਮੇਟੀ ਜ਼ਿੰਮੇਵਾਰ ਹੋਵੇਗੀ ਅਤੇ ਉਸ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।ਇਸ ਤੋਂ ਇਲਾਵਾ ਜਿੱਥੇ ਇੱਕ ਸਿੱਖ ਸ਼ਖ਼ਸੀਅਤ ਨੂੰ ਪੰਥ ਸੇਵਕ ਦਾ ਸਨਮਾਨ ਦਿੱਤਾ ਗਿਆ ਉੱਥੇ ਹੀ ਵਾਤਾਵਰਣ ਪ੍ਰਤੀ ਭੂਮਿਕਾ ਨਿਭਾਉਣ ਲਈ ਵੀ ਸਿੱਖਾਂ ਨੂੰ ਹਦਾਇਤ ਕੀਤੀ ਗਈ ਅਤੇ ਹਰੇਕ ਨੂੰ ਇੱਕ ਰੁੱਖ ਲਗਾਉਣ ਲਈ ਕਿਹਾ ਗਿਆ।ਅਕਾਲ ਤਖ਼ਤ ਸਿੱਖਾਂ ਦੇ ਪੰਜ ਤਖਤਾਂ ਵਿੱਚੋਂ ਪਹਿਲਾ ਅਤੇ ਸਰਬਉੱਚ ਤਖ਼ਤ ਹੈ। ਇਤਿਹਾਸਕ ਸਰੋਤਾਂ ਮੁਤਾਬਕ ਇਸ ਦੀ ਸਥਾਪਨਾ ਸਿੱਖਾਂ ਦੇ ਛੇਵੇਂ ਗੁਰੂ, ਗੁਰੂ ਹਰਗੋਬਿੰਦ ਜੀ ਨੇ ਕੀਤੀ ਸੀ।ਇਹ ਹਰਿਮੰਦਰ ਸਾਹਿਬ ਸਮੂਹ, ਅੰਮ੍ਰਿਤਸਰ ਸਾਹਿਬ ਦੇ ਅੰਦਰ ਹੀ ਉਸਰਿਆ ਹੋਇਆ ਹੈ।ਸਿੱਖ ਇਤਿਹਾਸਕਾਰ ਡਾਕਟਰ ਸੁਖਦਿਆਲ ਸਿੰਘ ਆਪਣੀ ਕਿਤਾਬ 'ਖ਼ਾਲਸਾ ਪੰਥ ਦੇ ਪੰਜ ਤਖ਼ਤ' ਵਿੱਚ ਲਿਖਦੇ ਹਨ-'ਅਕਾਲ ਤਖ਼ਤ ਸਮੁੱਚੇ ਸਿੱਖ ਪੰਥ ਦਾ ਕੇਂਦਰ ਹੈ ਅਤੇ ਜਿਹੜਾ ਹੁਕਮਨਾਮਾ ਅਕਾਲ ਤਖ਼ਤ ਵੱਲੋਂ ਜਾਰੀ ਹੁੰਦਾ ਹੈ,ਉਹ ਸਮੁੱਚੇ ਪੰਥ ਦੇ ਨਾਮ ਜਾਰੀ ਹੁੰਦਾ ਹੈ,ਇਸ ਲਈ ਇਹ ਹੁਕਮਨਾਮਾ ਸਾਰੇ ਸਿੱਖਾਂ ਲਈ ਮੰਨਣਾ ਜ਼ਰੂਰੀ ਹੁੰਦਾ ਹੈ।'ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਨੂੰ 400 ਸਾਲ ਤੋਂ ਉੱਪਰ ਦਾ ਸਮਾਂ ਹੋ ਗਿਆ ਹੈ ਅਤੇ ਇਤਿਹਾਸ ਵਿੱਚ ਕਈ ਉਦਾਹਰਨਾਂ ਮਿਲਦੀਆਂ ਹਨ ਜਿਸ ਤੋਂ ਪਤਾ ਲੱਗਦਾ ਹੈ ਕਿ ਸੰਕਟ ਦੇ ਸਮੇਂ ਧਾਰਮਿਕ ਫੈਸਲਿਆਂ ਅਤੇ ਅੱਗੇ ਦੀ ਰਣਨੀਤੀ ਲਈ ਸਿੱਖ ਇੱਥੇ ਇਕੱਤਰ ਹੁੰਦੇ ਰਹੇ ਹਨ।

ਅਕਾਲੀ ਦਲ ਆਪਣੇ ਪੰਥਕ ਧੁਰੇ ਨੂੰ ਨਹੀਂ ਛੱਡ ਸਕਦਾ

ਪੰਜਾਬ ਵਿੱਚ ਅਕਾਲੀ ਸਿਆਸਤ ਬਾਰੇ ਕਿਤਾਬ ਲਿਖ ਚੁੱਕੇ ਅਮਨਪ੍ਰੀਤ ਸਿੰਘ ਗਿੱਲ ਪੰਜ ਸਿੰਘ ਸਾਹਿਬਾਨਾਂ ਵੱਲੋਂ ਅਕਾਲੀ ਦਲ ਬਾਰੇ ਦਿੱਤੀਆਂ ਗਈਆਂ ਹਦਾਇਤਾਂ ਨੂੰ ਅਹਿਮ ਮੰਨਦੇ ਹਨ।ਅਮਨਪ੍ਰੀਤ ਸਿੰਘ ਗਿੱਲ ਦਿੱਲੀ ਦੇ ਸ੍ਰੀ ਗੁਰੂ ਤੇਗ਼ ਬਹਾਦਰ ਖਾਲਸਾ ਕਾਲਜ ਵਿੱਚ ਰਾਜਨੀਤੀ ਸ਼ਾਸਤਰ ਦੇ ਪ੍ਰੋਫ਼ੈਸਰ ਹਨ।ਉਹ ਦੱਸਦੇ ਹਨ, ਪਿਛਲੇ ਸਮੇਂ ਤੋਂ ਅਕਾਲੀ ਦਲ ਨੇ ਆਪਣੇ ਆਪ ਨੂੰ ਇੱਕ ਪੰਜਾਬੀ ਪਾਰਟੀ ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ, ਪਰ ਇਹ ਘਟਨਾ ਇਹ ਦਰਸਾਉਂਦੀ ਹੈ ਕਿ ਅਕਾਲੀ ਦਲ ਆਪਣੇ ਪੰਥਕ ਧੁਰੇ ਨੂੰ ਨਹੀਂ ਛੱਡ ਸਕਦਾ।ਅਕਾਲੀ ਦਲ ਵਿੱਚ ਅਗਲੇ ਸਮੇਂ ਵਿੱਚ ਬਦਲਾਅ ਦੀ ਸੰਭਾਵਨਾ ਬਾਰੇ ਉਹ ਕਹਿੰਦੇ ਹਨ ਕਿ ਬਾਗ਼ੀ ਧੜੇ ਵਿੱਚ ਸੀਨੀਅਰ ਅਕਾਲੀ ਆਗੂ ਸ਼ਾਮਲ ਹਨ ਜੋ ਕਿ ਨਾ ਇੱਕ ਪਰਿਵਾਰ ਹਨ ਨਾ ਇੱਕ ਗਰੁੱਪ ਹਨ।ਉਹ ਦੱਸਦੇ ਹਨ ਕਿ ਪਿਛਲੇ ਸਮੇਂ ਵਿੱਚ ਵੀ ਸ਼੍ਰੋਮਣੀ ਅਕਾਲੀ ਦਲ ਦੇ ਸੰਦਰਭ ਵਿੱਚ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਹਦਾਇਤਾਂ ਜਾਂ ਹੁਕਮ ਜਾਰੀ ਕੀਤੇ ਗਏ ਹਨ।ਉਨ੍ਹਾਂ ਦੱਸਿਆ ਕਿ ਸਾਲ 1987 ਵਿੱਚ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਦੀ ਸਰਕਾਰ ਮੌਕੇ ਪੰਜ ਸਿੰਘ ਸਾਹਿਬਾਨਾਂ ਨੇ ਸਾਰੇ ਅਕਾਲੀ ਧੜ੍ਹਿਆਂ ਨੂੰ ਇੱਕਜੁੱਟ ਹੋਣ ਦਾ ਹੁਕਮ ਦਿੱਤਾ ਸੀ।ਉਹ ਦੱਸਦੇ ਹਨ ਕਿ ਉਸ ਵੇਲੇ ਅਕਾਲ ਤਖ਼ਤ ਦੇ ਜਥੇਦਾਰ ਦਰਸ਼ਨ ਸਿੰਘ ਵੱਲੋਂ ਸਾਰੇ ਅਕਾਲੀ ਧੜ੍ਹਿਆਂ ਨੂੰ ਜੋਗਿੰਦਰ ਸਿੰਘ ਵਾਲੇ ਅਕਾਲੀ ਦਲ ਵਿੱਚ ਸ਼ਾਮਲ ਹੋਣ ਲਈ ਕਿਹਾ ਗਿਆ ਸੀ।ਉਹ ਕਹਿੰਦੇ ਹਨ ਕਿ ਬੀਤੇ ਸਾਲਾਂ ਵਿੱਚ ਅਕਾਲੀ ਦਲ ਵਿੱਚ ਆਏ ਨਿਘਾਰ ਨੇ ਪਾਰਟੀ ਦੀ ਹੋਂਦ ਬਾਰੇ ਹੀ ਸੰਕਟ ਖੜ੍ਹਾ ਕਰ ਦਿੱਤਾ ਹੈ।

ਵੜਿੰਗ, ਚੰਨੀ ਤੇ ਬਾਜਵਾ ਦੀ ਨਹੀਂ ਰਲੀ ਚਾਲ ਤੇ ਢਾਲ

ਜਲੰਧਰ : ਜਲੰਧਰ ਪੱਛਮੀ ਵਿਧਾਨ ਸਭਾ ਹਲਕੇ ਦੀ ਉਪ ਚੋਣ ਦੇ ਨਤੀਜੇ ਵਿੱਚ ਕਾਂਗਰਸ ਤੀਜੇ ਸਥਾਨ 'ਤੇ ਰਹੀ ਹੈ। ਇਸ ਚੋਣ ਵਿੱਚ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਜਲੰਧਰ ਤੋਂ ਲੋਕ ਸਭਾ ਮੈਂਬਰ ਚਰਨਜੀਤ ਸਿੰਘ ਚੰਨੀ ਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਦੇ ਸੁਰ ਆਪਸ ਵਿੱਚ ਨਹੀਂ ਰਲੇ, ਜਿਸ ਦਾ ਖਾਮਿਆਜ਼ਾ ਪਾਰਟੀ ਨੂੰ ਭੁਗਤਣਾ ਪਿਆ।ਇਸ ਨਤੀਜੇ ਵਿੱਚ ਕਾਂਗਰਸ ਦੀਆਂ 38 ਦਿਨਾਂ ਦੌਰਾਨ 27 ਹਜ਼ਾਰ ਤੋਂ ਵੱਧ ਵੋਟਾਂ ਘੱਟ ਗਈਆਂ। ਇਨ੍ਹਾਂ ਲੋਕ ਸਭਾ ਚੋਣਾਂ ਦੌਰਾਨ ਕਾਂਗਰਸ 44000 ਤੋਂ ਵੱਧ ਵੋਟਾਂ ਲੈ ਕੇ ਗਈ ਸੀ ਅਤੇ ਉਪ ਚੋਣ ਦੇ 14 ਜੁਲਾਈ ਨੂੰ ਆਏ ਨਤੀਜਿਆਂ ਵਿੱਚ ਉਹ 20 ਹਜ਼ਾਰ ਦਾ ਅੰਕੜਾ ਵੀ ਪਾਰ ਨਹੀਂ ਕਰ ਸਕੀ। ਲੋਕ ਸਭਾ ਚੋਣਾਂ ਵਿੱਚ ਚਰਨਜੀਤ ਸਿੰਘ ਚੰਨੀ ਉਮੀਦਵਾਰ ਸੀ ਤੇ ਉਪ ਚੋਣ ਵਿੱਚ ਬੀਬੀ ਸੁਰਿੰਦਰ ਕੌਰ। ਲੋਕਾਂ ਦੇ ਇਸ ਬਦਲੇ ਮਿਜ਼ਾਜ ਨੂੰ ਕਾਂਗਰਸ ਨੇ ਸਮਝਣ ਵਿੱਚ ਕਿੱਥੇ ਭੁੱਲ ਕਰ ਦਿੱਤੀ ਕਿ ਉਹ ਪਹਿਲੇ ਸਥਾਨ ਤੋਂ ਖਿਸਕ ਕੇ ਸਿੱਧਾ ਤੀਜੇ 'ਤੇ ਜਾ ਡਿੱਗੀ। ਲੋਕ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਤੀਜੇ ਸਥਾਨ 'ਤੇ ਰਹੀ ਸੀ। ਇਸ ਉਪ ਚੋਣ ਵਿੱਚ 'ਆਪ' ਦੇ ਉਮੀਦਵਾਰ ਨੇ ਬੜੀ ਸ਼ਾਨ ਨਾਲ ਜਿੱਤ ਦਰਜ ਕੀਤੀ ਹੈ। ਕਾਂਗਰਸ ਦੇ ਵੱਡੀਆਂ ਡੁੱਠਾਂ ਵਾਲੇ ਆਗੂ ਇਹ ਸੋਚਦੇ ਰਹਿ ਗਏ ਕਿ ਲੋਕ ਸਭਾ ਚੋਣਾਂ ਦੇ ਨਤੀਜਿਆਂ ਨੂੰ ਦੇਖ ਕੇ ਕਾਂਗਰਸ ਦਾ ਉਪ ਚੋਣ ਵਿੱਚ ਵੋਟ ਬੈਂਕ ਵ

ਅਕਾਲੀ ਲੀਡਰਸ਼ਿਪ ਨੂੰ 'ਪਾਰਟੀ ਦਫ਼ਤਰ' ਉੱਤੇ ਬਾਗ਼ੀ ਖੇਮੇ ਦੇ ਕਬਜ਼ੇ ਦਾ ਖਦਸ਼ਾ

ਸੁਖਬੀਰ ਬਾਦਲ ਦੇ ਸੱਦੇ 'ਤੇ ਸੈਂਕੜੇ ਆਗੂ ਤੇ ਕਾਰਕੁਨ ਮੁੱਖ ਦਫ਼ਤਰ ਪੁੱਜੇ; ਬਾਗ਼ੀਆਂ ਲਈ ਦਫ਼ਤਰ ਵਿੱਚ ਕੋਈ ਥਾਂ ਨਹੀਂ: ਚੀਮਾ

ਚੰਡੀਗੜ੍ਹ : ਸ਼੍ਰੋਮਣੀ ਅਕਾਲੀ ਦਲ ਨੂੰ ਹੁਣ ਪਾਰਟੀ ਦੇ ਮੁੱਖ ਦਫ਼ਤਰ 'ਤੇ ਬਾਗ਼ੀ ਖੇਮੇ ਦੇ ਕਾਬਜ਼ ਹੋਣ ਦਾ ਡਰ ਸਤਾਉਣ ਲੱਗਾ ਹੈ। ਅਜਿਹੀ ਹਲਚਲ ਅੱਜ ਪਾਰਟੀ ਅੰਦਰ ਉਦੋਂ ਦੇਖਣ ਨੂੰ ਮਿਲੀ ਜਦੋਂ ਭਿਣਕ ਪਈ ਕਿ ਪਾਰਟੀ ਦਾ ਬਾਗ਼ੀ ਖੇਮਾ ਅਕਾਲੀ ਦਲ ਦੇ ਮੁੱਖ ਦਫ਼ਤਰ ਵਿੱਚ ਮੀਟਿੰਗ ਕਰਨ ਦੀ ਤਿਆਰੀ ਖਿੱਚ ਰਿਹਾ ਹੈ। ਹਾਲਾਂਕਿ, ਪਾਰਟੀ ਦੇ ਬਾਗ਼ੀ ਖੇਮੇ ਵੱਲੋਂ ਅਧਿਕਾਰਤ ਤੌਰ 'ਤੇ ਅੱਜ ਅਜਿਹਾ ਕੋਈ ਪ੍ਰੋਗਰਾਮ ਨਹੀਂ ਦਿੱਤਾ ਗਿਆ ਸੀ, ਬਲਕਿ ਬਾਗ਼ੀ ਲੀਡਰਸ਼ਿਪ ਤਰਫ਼ੋਂ ਦਫ਼ਤਰ ਤੋਂ ਬਾਹਰ ਮੀਡੀਆ ਨਾਲ ਗੱਲਬਾਤ ਕਰਨ ਦਾ ਪ੍ਰੋਗਰਾਮ ਜਾਰੀ ਕੀਤਾ ਗਿਆ ਸੀ। ਸੂਤਰਾਂ ਅਨੁਸਾਰ ਜਿਉਂ ਹੀ ਬਾਗ਼ੀ ਖੇਮੇ ਦੀ ਮੁੱਖ ਦਫ਼ਤਰ ਪੁੱਜਣ ਦੀ ਚਰਚਾ ਛਿੜੀ ਤਾਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਸੱਦੇ 'ਤੇ ਸੈਂਕੜੇ ਅਕਾਲੀ ਆਗੂ ਅਤੇ ਵਰਕਰ ਪਾਰਟੀ ਦੇ ਮੁੱਖ ਦਫ਼ਤਰ ਪੁੱਜ ਗਏ। ਸ਼੍ਰੋਮਣੀ ਅਕਾਲੀ ਦਲ ਦੀ ਸੀਨੀਅਰ ਲੀਡਰਸ਼ਿਪ ਨੇ ਅੱਜ ਮੁੱਖ ਦਫ਼ਤਰ ਵਿੱਚ ਮੀਟਿੰਗ ਕੀਤੀ। ਸੀਨੀਅਰ ਪਾਰਟੀ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਮੀਟਿੰਗਾਂ ਮਗਰੋਂ ਕਿਹਾ ਕਿ ਜਿਹੜੇ ਆਗੂਆਂ ਨੇ ਪਾਰਟੀ ਦੇ ਖ਼ਿਲਾਫ਼ ਪ੍ਰੋਗਰਾਮ ਸ਼ੁਰੂ ਕੀਤੇ ਹਨ, ਉਨ੍ਹਾਂ ਲਈ ਪਾਰਟੀ ਦੇ ਮੁੱਖ ਦਫ਼ਤਰ ਵਿਚ ਕੋਈ ਥਾਂ ਨਹੀਂ ਹੈ ਅਤੇ ਪਾਰਟੀ ਵਰਕਰ ਅਜਿਹੇ ਤੱਤ ਬਰਦਾਸ਼ਤ ਨਹੀਂ ਕਰਨਗੇ। ਚੀਮਾ ਨੇ ਕਿਹਾ ਕਿ ਪਾਰਟੀ ਦਾ ਮੁੱਖ ਦਫ਼ਤਰ ਹਰੇਕ ਵਾਸਤੇ ਹੈ। ਉਨ੍ਹਾਂ ਕਿਹਾ ਕਿ ਪਾਰਟੀ ਪ੍ਰਧਾਨ ਸੁਖਬੀਰ ਬਾਦਲ ਨੇ ਪਾਰਟੀ ਦੇ ਹਰੇਕ ਵਿੰਗ ਤੇ ਆਗੂਆਂ ਨਾਲ ਮੀਟਿੰਗਾਂ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਜਿਹੜੇ ਆਗੂ ਆਪਣੇ ਆਪ ਨੂੰ ਅਕਾਲੀ ਦਲ ਦੇ ਬਾਗ਼ੀ ਕਹਾਉਂਦੇ ਹਨ, ਉਨ੍ਹਾਂ ਨੇ ਖੁੱਲ੍ਹਾ ਸੱਦਾ ਦੇਣ ਦੇ ਬਾਵਜੂਦ ਇਨ੍ਹਾਂ ਮੀਟਿੰਗਾਂ ਵਿਚ ਭਾਗ ਨਹੀਂ ਲਿਆ। ਉਨ੍ਹਾਂ ਕਿਹਾ ਕਿ ਹੁਣ ਇਨ੍ਹਾਂ ਆਗੂਆਂ ਨੇ ਆਪਣੀ ਪਾਰਟੀ ਖ਼ਿਲਾਫ਼ ਮੁਹਿੰਮ ਸ਼ੁਰੂ ਕਰ ਦਿੱਤੀ ਹੈ ਤੇ ਅਜਿਹੇ ਆਗੂਆਂ ਲਈ ਪਾਰਟੀ ਮੁੱਖ ਦਫ਼ਤਰ 'ਚ ਕੋਈ ਥਾਂ ਨਹੀਂ ਹੈ। ਚੀਮਾ ਨੇ ਕਿਹਾ ਕਿ ਸੁਖਬੀਰ ਬਾਦਲ ਲੋਕਤੰਤਰੀ ਪ੍ਰਕਿਰਿਆ ਤਹਿਤ ਚੁਣੇ ਪ੍ਰਧਾਨ ਹਨ। ਉਨ੍ਹਾਂ ਦੇ ਨਿਰਦੇਸ਼ਾਂ ਮੁਤਾਬਕ ਪਾਰਟੀ ਦਫ਼ਤਰ ਚਲਾਇਆ ਜਾਂਦਾ ਹੈ ਤੇ ਬਾਗ਼ੀ ਖੇਮਾ ਪ੍ਰਧਾਨ ਦੀ ਲੀਡਰਸ਼ਿਪ ਨੂੰ ਚੁਣੌਤੀ ਦੇ ਕੇ ਪਾਰਟੀ ਦਫ਼ਤਰ 'ਚ ਮੀਟਿੰਗ ਨਹੀਂ ਕਰ ਸਕਦੇ। ਅੱਜ ਦੀ ਮੀਟਿੰਗ ਵਿਚ ਬਲਵਿੰਦਰ ਸਿੰਘ ਭੂੰਦੜ, ਮਹੇਸ਼ਇੰਦਰ ਸਿੰਘ ਗਰੇਵਾਲ, ਡਾ. ਦਲਜੀਤ ਸਿੰਘ ਚੀਮਾ, ਹੀਰਾ ਸਿੰਘ ਗਾਬੜੀਆ, ਐੱਨ ਕੇ ਸ਼ਰਮਾ ਨੇ ਸ਼ਮੂਲੀਅਤ ਕੀਤੀ।

ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦੇ ਆਗੂ ਦਰਬਾਰ ਸਾਹਿਬ ਨਤਮਸਤਕ

ਅੰਮ੍ਰਿਤਸਰ : ਸ਼੍ਰੋਮਣੀ ਅਕਾਲੀ ਦਲ ਦੇ ਨਾਰਾਜ਼ ਅਕਾਲੀ ਧੜੇ ਵੱਲੋਂ ਸ਼ੁਰੂ ਕੀਤੀ ਗਈ 'ਸ਼?ਮਣੀ ਅਕਾਲੀ ਦਲ ਸੁਧਾਰ ਲਹਿਰ' ਦੇ ਕਨਵੀਨਰ ਗੁਰਪ੍ਰਤਾਪ ਸਿੰਘ ਵਡਾਲਾ ਅਤੇ ਹੋਰ ਆਗੂਆਂ ਨੇ ਅੱਜ ਇੱਥੇ ਕਿਹਾ ਕਿ ਉਨ੍ਹਾਂ ਦਾ ਮਨੋਰਥ ਪਾਰਟੀ ਦੀ ਮਜ਼ਬੂਤੀ ਅਤੇ ਲੋਕਾਂ ਦੇ ਸਹਿਯੋਗ ਨਾਲ ਪਾਰਟੀ ਦੀ ਸਾਖ਼ ਨੂੰ ਬਹਾਲ ਕਰਨਾ ਹੈ। ਉਨ੍ਹਾਂ ਅੱਜ ਇੱਥੇ ਸ੍ਰੀ ਦਰਬਾਰ ਸਾਹਿਬ ਵਿਖੇ ਮੱਥਾ ਟੇਕਿਆ ਤੇ ਗੁਰੂ ਘਰ ਵਿੱਚ ਸਫਲਤਾ ਦੀ ਅਰਦਾਸ ਕੀਤੀ। ਇਸ ਮੌਕੇ ਭਾਈ ਮਨਜੀਤ ਸਿੰਘ ਅਤੇ ਸੁੱਚਾ ਸਿੰਘ ਛੋਟੇਪੁਰ ਸਣੇ ਹੋਰ ਆਗੂ ਹਾਜ਼ਰ ਸਨ। ਇੱਥੇ ਮੀਡੀਆ ਨਾਲ ਗੱਲਬਾਤ ਕਰਦਿਆਂ ਗੁਰਪ੍ਰਤਾਪ ਸਿੰਘ ਵਡਾਲਾ ਨੇ ਆਖਿਆ ਕਿ ਉਨ੍ਹਾਂ ਦਾ ਮੰਤਵ ਕਿਸੇ ਨੂੰ ਨੀਵਾਂ ਦਿਖਾਉਣਾ ਨਹੀਂ ਹੈ ਸਗੋਂ ਉਹ ਪਾਰਟੀ ਦੀ ਮਜ਼ਬੂਤੀ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਪਿਛਲੇ ਸਮੇਂ ਦੌਰਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲੀ ਲੀਡਰਸ਼ਿਪ ਕੋਲੋਂ ਕਈ ਗਲਤੀਆਂ ਹੋਈਆਂ ਹਨ, ਜਿਨ੍ਹਾਂ ਕਾਰਨ ਪਾਰਟੀ ਨੂੰ ਵੱਡਾ ਨੁਕਸਾਨ ਹੋਇਆ ਹੈ ਅਤੇ ਲੋਕ ਪਾਰਟੀ ਤੋਂ ਖੁਫ਼ਾ ਹਨ। ਇਸ ਸਬੰਧੀ ਸ੍ਰੀ ਅਕਾਲ ਤਖਤ ਤੋਂ ਖਿਮਾ ਯਾਚਨਾ ਦੀ ਮੰਗ ਕੀਤੀ ਗਈ ਹੈ ਅਤੇ ਫ਼ੈਸਲੇ ਦੀ ਉਡੀਕ ਕੀਤੀ ਜਾ ਰਹੀ ਹੈ। ਇਸ ਉਪਰੰਤ ਪਾਰਟੀ ਵਿੱਚ ਸੁਧਾਰ ਸਬੰਧੀ ਅਗਲੇਰੇ ਕੰਮ ਕੀਤੇ ਜਾਣਗੇ। ਦੱਸਣਯੋਗ ਹੈ ਕਿ

ਸ਼?ਮਣੀ ਅਕਾਲੀ ਦਲ ਦੇ ਨਾਰਾਜ਼ ਧੜੇ ਵੱਲੋਂ ਸ੍ਰੀ ਅਕਾਲ ਤਖਤ 'ਤੇ 1 ਜੁਲਾਈ ਨੂੰ ਦਿੱਤੇ ਗਏ ਪੱਤਰ ਉੱਤੇ ਕਾਰਵਾਈ ਕਰਦਿਆਂ ਪੰਜ ਸਿੰਘ ਸਾਹਿਬਾਨ ਵੱਲੋਂ ਸੁਖਬੀਰ ਸਿੰਘ ਬਾਦਲ ਨੂੰ ਤਲਬ ਕੀਤਾ ਹੈ।

ਬਸਪਾ ਆਗੂਆਂ ਨੇ ਰਾਜਪਾਲ ਕੋਲ ਕਾਨੂੰਨ ਵਿਵਸਥਾ ਦਾ ਮੁੱਦਾ ਚੁੱਕਿਆ

ਚੰਡੀਗੜ੍ਹ : ਬਹੁਜਨ ਸਮਾਜ ਪਾਰਟੀ (ਬਸਪਾ) ਦੇ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਦੀ ਅਗਵਾਈ ਹੇਠ ਪਾਰਟੀ ਦੇ ਚਾਰ ਮੈਂਬਰੀ ਵਫ਼ਦ ਨੇ ਚੰਡੀਗੜ੍ਹ ਵਿੱਚ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨਾਲ ਮੁਲਾਕਾਤ ਕੀਤੀ। ਗੜ੍ਹੀ ਨੇ ਰਾਜਪਾਲ ਕੋਲ ਪੰਜਾਬ ਵਿੱਚ ਵਿਗੜ ਰਹੀ ਕਾਨੂੰਨ ਵਿਵਸਥਾ ਦਾ ਮੁੱਦਾ ਚੁੱਕਿਆ ਅਤੇ ਮੰਗ ਪੱਤਰ ਸੌਂਪਿਆ। ਬਸਪਾ ਦੇ ਵਫ਼ਦ ਨੇ ਤਾਮਿਲਨਾਡੂ ਦੇ ਸੂਬਾ ਪ੍ਰਧਾਨ ਕੇ ਆਰਮਸਟਰਾਂਗ ਦੇ ਕਤਲ ਦੀ ਸਾਜ਼ਿਸ਼ ਨੂੰ ਬੇਨਕਾਬ ਕਰਨ ਲਈ ਕੇਂਦਰੀ ਏਜੰਸੀ ਸੀਬੀਆਈ ਤੋਂ ਜਾਂਚ ਕਰਵਾਉਣ ਦੀ ਮੰਗ ਕੀਤੀ। ਇਸ ਮੌਕੇ ਵਿਧਾਇਕ ਡਾ. ਨਛੱਤਰ ਪਾਲ ਸਿੰਘ, ਅਜੀਤ ਸਿੰਘ ਭੈਣੀ, ਬਲਦੇਵ ਸਿੰਘ ਮਹਿਰਾ ਵੀ ਹਾਜ਼ਰ ਸਨ। ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਬਸਪਾ ਆਗੂ ਸੂਬੇ ਵਿੱਚ ਜਾਤੀਵਾਦ ਦੇ ਨਾਮ 'ਤੇ ਹੋ ਰਹੇ ਜ਼ੁਲਮ ਅਤੇ ਅੱਤਿਆਚਾਰਾਂ ਖ਼?ਲਾਫ਼ ਲੜਾਈ ਲੜਦੇ ਹਨ, ਜਿਨ੍ਹਾਂ ਦੀ ਜਾਨ-ਮਾਲ ਦੀ ਸੁਰੱਖਿਆ ਕਰਨਾ 'ਆਪ' ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ ਪਰ ਸੂਬਾ ਸਰਕਾਰ ਬਸਪਾ ਆਗੂਆਂ ਦੀ ਸੁਰੱਖਿਆ ਯਕੀਨੀ ਬਣਾਉਣ ਵਿੱਚ ਨਾਕਾਮ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਪੁਲੀਸ ਵੱਲੋਂ ਥਾਣਿਆਂ ਵਿੱਚ ਗਰੀਬਾਂ, ਦਲਿਤਾਂ ਤੇ ਪਛੜੀਆਂ ਸ਼?ਰੇਣੀਆਂ ਦੇ ਲੋਕਾਂ ਦੀ ਸੁਣਵਾਈ ਨਹੀਂ ਕੀਤੀ ਜਾਂਦੀ ਹੈ। ਪੁਲੀਸ ਵੱਲੋਂ ਜਾਂਚ, ਸਿੱਟ ਤੇ ਕਾਨੂੰਨੀ ਸਲਾਹ ਲੈਣ ਦੇ ਨਾਮ 'ਤੇ ਗਰੀਬਾਂ ਨੂੰ ਇਨਸਾਫ ਦੇਣ ਤੋਂ ਆਨਾਕਾਨੀ ਕੀਤੀ ਜਾ ਰਹੀ ਹੈ।

ਸਾਬਕਾ ਜਥੇਦਾਰ ਗਿਆਨੀ ਇਕਬਾਲ ਸਿੰਘ ਨੂੰ ਤਨਖ਼ਾਹ ਲਾਈ

ਅੰਮ੍ਰਿਤਸਰ : ਤਖ਼ਤ ਸ੍ਰੀ ਪਟਨਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਇਕਬਾਲ ਸਿੰਘ ਨੂੰ ਅੱਜ ਸ੍ਰੀ ਅਕਾਲ ਤਖ਼ਤ ਤੋਂ ਤਨਖਾਹ ਲਾਈ ਗਈ ਹੈ। ਸਾਬਕਾ ਜਥੇਦਾਰ ਨੂੰ ਦਸੰਬਰ 2022 ਵਿੱਚ ਸ੍ਰੀ ਅਕਾਲ ਤਖ਼ਤ ਤੋਂ ਤਨਖਾਹੀਆ ਕਰਾਰ ਦਿੱਤਾ ਗਿਆ ਸੀ। ਉਨ੍ਹਾਂ ਖ਼ਿਲਾਫ਼ ਤਖਤ ਸ੍ਰੀ ਪਟਨਾ ਸਾਹਿਬ ਵਿਖੇ ਪ੍ਰਬੰਧਾਂ ਵਿੱਚ ਵਿਘਨ ਪਾਉਣ ਦੇ ਦੋਸ਼ ਲਾਏ ਗਏ ਸਨ। ਗਿਆਨੀ ਇਕਬਾਲ ਸਿੰਘ ਵੱਲੋਂ ਇਸ ਮਾਮਲੇ ਵਿੱਚ ਮੁਆਫ਼ੀ ਮੰਗੇ ਜਾਣ ਮਗਰੋਂ ਅੱਜ ਉਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਤੋਂ ਪੰਜ ਸਿੰਘ ਸਾਹਿਬਾਨ ਵੱਲੋਂ ਤਨਖਾਹ ਲਾਈ ਗਈ ਹੈ। ਸ੍ਰੀ ਅਕਾਲ ਤਖ਼ਤ ਦੀ ਫਸੀਲ ਤੋਂ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਇਸ ਸਬੰਧੀ ਆਦੇਸ਼ ਜਾਰੀ ਕਰਦਿਆਂ ਉਨ੍ਹਾਂ ਨੂੰ 11 ਦਿਨ ਜਪੁਜੀ ਸਾਹਿਬ ਦਾ ਪਾਠ ਕਰਨ, ਇਸ ਦੌਰਾਨ ਰੋਜ਼ ਘੰਟਾ ਗੁਰਬਾਣੀ ਦਾ ਕੀਰਤਨ ਸੁਣਨ ਅਤੇ ਧਾਰਮਿਕ ਸਜ਼ਾ ਪੂਰੀ ਹੋਣ ਮਗਰੋਂ ਸ੍ਰੀ ਅਕਾਲ ਤਖ਼ਤ ਵਿਖੇ 500 ਰੁਪਏ ਦੀ ਕੜਾਹ ਪ੍ਰਸ਼ਾਦ ਦੀ ਦੇਗ ਕਰਵਾ ਕੇ ਮੁਆਫ਼ੀ ਸਬੰਧੀ ਅਰਦਾਸ ਕਰਵਾਉਣ ਲਈ ਕਿਹਾ। ਇਸੇ ਤਰ੍ਹਾਂ ਸ੍ਰੀ ਗੁਰੂ ਸਿੰਘ ਸਭਾ ਇੰਦੌਰ ਦੇ ਨਾਮਜ਼ਦ ਮੈਂਬਰ ਜਗਜੀਤ ਸਿੰਘ ਨੂੰ ਸਿੰਘ ਸਭਾ ਦੀਆਂ ਚੋਣਾਂ ਵਿੱਚ ਅੜਿੱਕਾ ਪਾਉਣ ਅਤੇ ਸ੍ਰੀ ਅਕਾਲ ਤਖ਼ਤ ਦੇ ਆਦੇਸ਼ਾਂ ਦੀ ਉਲੰਘਣਾ ਕਰਨ ਦੇ ਦੋਸ਼ ਹੇਠ ਤਨਖਾਹ ਲਾਈ ਗਈ। ਇਸ ਤੋਂ ਇਲਾਵਾ ਦੋ ਹੋਰ ਮਾਮਲਿਆਂ ਨੂੰ ਫਿਰ ਫਿਲਹਾਲ ਅਗਾਂਹ ਪਾ ਦਿੱਤਾ ਗਿਆ ਹੈ।

ਕਿਸਾਨਾਂ ਤੇ ਹਰਿਆਣਾ ਪੁਲੀਸ ਵਿਚਾਲੇ ਟਕਰਾਅ

ਤਿੰਨ ਘੰਟੇ ਦੇ ਰੇੜਕੇ ਮਗਰੋਂ ਪੁਲੀਸ ਨੇ ਰੋਕਾਂ ਹਟਾਈਆਂ; ਕਿਸਾਨ ਜੇਤੂ ਰੌਅ 'ਚ ਖਨੌਰੀ ਬਾਰਡਰ ਲਈ ਰਵਾਨਾ

ਲੰਬੀ/ਡੱਬਵਾਲੀ : ਹਰਿਆਣਾ ਪੁਲੀਸ ਨੇ ਦਿੱਲੀ ਕੂਚ ਲਈ ਖਨੌਰੀ ਬਾਰਡਰ 'ਤੇ ਜਾਂਦੇ ਭਾਕਿਯੂ ਸਿੱਧੂਪੁਰ ਦੇ ਕਿਸਾਨ ਕਾਫ਼ਲੇ ਦਾ ਐੱਨਐੱਚ-9 'ਤੇ ਵਜ਼ਨੀ ਰੋਕਾਂ ਲਗਾ ਕੇ ਰਾਹ ਰੋਕ ਲਿਆ। ਰਾਹਬੰਦੀ ਨੂੰ ਲੈ ਕੇ ਕਿਸਾਨਾਂ ਤੇ ਪੁਲੀਸ-ਪ੍ਰਸ਼ਾਸਨ ਵਿਚਕਾਰ ਕਰੀਬ ਤਿੰਨ ਘੰਟੇ ਤੱਕ ਰੇੜਕਾ ਚੱਲਿਆ। ਡੱਬਵਾਲੀ ਅਤੇ ਮੰਡੀ ਕਿੱਲਿਆਂਵਾਲੀ 'ਚ ਟਰੈਫ਼ਿਕ ਵਿਵਸਥਾ 'ਚ ਵੱਡਾ ਵਿਘਨ ਪਿਆ। ਸ਼ਹਿਰ ਵਿੱਚ ਜਾਮ ਦੀ ਸਥਿਤੀ ਬਣੀ ਰਹੀ। ਦਰਅਸਲ ਕਿਸਾਨਾਂ ਦਾ ਮੋਰਚਾ ਅੱਜ ਪੰਜ ਮਹੀਨੇ ਮਗਰੋਂ ਡੱਬਵਾਲੀ ਹੱਦ ਤੋਂ ਸਮੇਟ ਕੇ ਡੱਬਵਾਲੀ ਸਿਲਵਰ ਜੁਬਲੀ ਚੌਕ ਰਾਹੀਂ ਬਠਿੰਡਾ-ਖਨੌਰੀ ਲਈ ਨਿਕਲਿਆ ਸੀ। ਕਿਸਾਨਾਂ ਦੇ 'ਦਿੱਲੀ ਕੂਚ' ਐਲਾਨ ਤੋਂ ਘੌਫ਼ਜ਼ਦਾ ਹਰਿਆਣਾ ਪ੍ਰਸ਼ਾਸਨ ਨੇ ਰਾਹ-ਬੰਦੀ ਕਰ ਦਿੱਤੀ। ਡੱਬਵਾਲੀ ਦੇ ਐੱਸਡੀਐੱਮ ਅਭੈ ਸਿੰਘ, ਡੀਐੱਸਪੀ (ਐੱਚ) ਕਿਸ਼ੋਰੀ ਲਾਲ ਤੇ ਡੀਐੱਸਪੀ ਜੈ ਭਗਵਾਨ, ਕਿੱਲਿਆਂਵਾਲੀ ਥਾਣਾ ਦੇ ਮੁਖੀ ਗੁਰਦੀਪ ਸਿੰਘ, ਥਾਣਾ ਸਦਰ ਦੇ ਮੁਖੀ ਪ੍ਰਤਾਪ ਸਿੰਘ ਕਿਸਾਨਾਂ ਨਾਲ ਗੱਲਬਾਤ ਲਈ ਪੁੱਜੇ। ਹਰਿਆਣਾ ਪ੍ਰਸ਼ਾਸਨ ਨੇ ਕਿਸਾਨਾਂ ਨੂੰ ਪੰਜਾਬ ਖੇਤਰ ਦੇ ਮਾਲਵਾ ਬਾਈਪਾਸ ਰਾਹੀਂ ਬਠਿੰਡਾ ਜਾਣ ਲਈ ਆਖਿਆ। ਕਿਸਾਨਾਂ ਦਾ ਕਹਿਣਾ ਸੀ ਕਿ ਉਨ੍ਹਾਂ ਨੂੰ ਕਿਹੜੇ ਕਾਨੂੰਨ ਦੇ ਤਹਿਤ ਡੱਬਵਾਲੀ ਵਿੱਚੋਂ ਲੰਘਣ ਤੋਂ ਰੋਕਿਆ ਜਾ ਰਿਹਾ ਹੈ ? ਕਾਫ਼ੀ ਕਸ਼ਮਕਸ਼ ਮਗਰੋਂ ਹਰਿਆਣਾ ਪ੍ਰਸ਼ਾਸਨ ਨੇ ਕਿਸਾਨ ਕਾਫ਼ਲੇ ਨੂੰ ਡੱਬਵਾਲੀ ਵਿੱਚੋਂ ਲਾਂਘੇ ਦੀ ਇਜਾਜ਼ਤ ਦਿੱਤੀ। ਕਰੇਨ ਰਾਹੀਂ ਵਜ਼ਨੀ ਰੋਕਾਂ ਹਟਾ ਕੇ ਇੰਟਰ-ਸਟੇਟ ਫਲਾਈਓਵਰ ਖੋਲ੍ਹਿਆ ਗਿਆ ਤੇ ਕਿਸਾਨ ਕਾਫ਼ਲਾ ਜੇਤੂ ਰੌਅ ਵਿੱਚ ਖਨੌਰੀ ਬਾਰਡਰ ਲਈ ਰਵਾਨਾ ਹੋਇਆ। ਰੇੜਕੇ ਦੌਰਾਨ ਹਰਿਆਣਾ ਕਿਸਾਨ ਏਕਤਾ ਦੇ ਸੂਬਾ ਪ੍ਰਧਾਨ ਲਖਵਿੰਦਰ ਸਿੰਘ ਔਲੇਖ (ਸਿਰਸਾ) ਵੀ ਕਿਸਾਨਾਂ ਦੀ ਹਮਾਇਤ 'ਚ ਪੁੱਜੇ ਹੋਏ ਸਨ। ਭਾਕਿਯੂ ਸਿੱਧੂਪੁਰ ਦੇ ਕਿਸਾਨ ਕਾਫ਼ਲੇ ਦੇ ਆਗੂ ਰੇਸ਼ਮ ਸਿੰਘ ਯਾਤਰੀ, ਹਰਭਗਵਾਨ ਸਿੰਘ ਲੰਬੀ ਅਤੇ ਮੱਖਣ ਸਿੰਘ ਗੋਨਿਆਣਾ ਨੇ ਹਰਿਆਣਾ ਸਰਕਾਰ ਵੱਲੋਂ ਕਿਸਾਨਾਂ ਦਾ ਰਾਹ ਰੋਕਣ ਦੀ ਕਾਰਵਾਈ ਨੂੰ ਹਾਈ ਕੋਰਟ ਦੇ ਹੁਕਮਾਂ ਦੀ ਉਲੰਘਣਾ ਕਰਾਰ ਦਿੱਤਾ ਹੈ। ਜ਼ਿਕਰਯੋਗ ਹੈ ਕਿ ਮੋਰਚੇ ਦੀ ਰਵਾਨਗੀ ਦੇ ਨਾਲ ਸਰਹੱਦੀ ਇਲਾਕੇ ਨੂੰ ਵਿਗੜੀ ਟਰੈਫ਼ਿਕ ਵਿਵਸਥਾ ਤੋਂ ਖਹਿੜਾ ਛੁੱਟਣ ਦਾ ਰਾਹ ਪੱਧਰਾ ਹੋ ਗਿਆ ਹੈ।



ਨਿਹੰਗ ਬਾਣੇ 'ਚ ਆਏ ਵਿਅਕਤੀਆਂ ਵੱਲੋਂ ਸ਼੍ਰੋਮਣੀ ਕਮੇਟੀ ਮੁਲਾਜ਼ਮਾਂ ਉੱਤੇ ਹਮਲਾ

ਆਨੰਦਪੁਰ ਸਾਹਿਬ : ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਲੰਗਰ ਹਾਲ ਵਿੱਚ ਨਿਹੰਗ ਬਾਣੇ ਵਿੱਚ ਆਏ 5 ਵਿਅਕਤੀਆਂ ਨੇ ਲੰਗਰ ਵਰਤਾ ਰਹੇ ਸ਼੍ਰੋਮਣੀ ਕਮੇਟੀ ਮੁਲਾਜ਼ਮਾਂ 'ਤੇ ਹਮਲਾ ਕਰ ਦਿੱਤਾ। ਇਸ ਕਾਰਨ ਤਿੰਨ ਮੁਲਾਜ਼ਮ ਜ਼ਖ਼ਮੀ ਹੋ ਗਏ। ਜ਼ਖ਼ਮੀਆਂ ਨੂੰ ਸਿਵਲ ਹਸਪਤਾਲ ਵਿਖੇ ਦਾਖ਼ਲ ਕਰਵਾਇਆ ਗਿਆ ਹੈ। ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੈਨੇਜਰ ਮਲਕੀਤ ਸਿੰਘ ਨੇ ਦੱਸਿਆ ਕਿ ਲੰਗਰ ਹਾਲ ਵਿੱਚ ਕੁਝ ਵਿਅਕਤੀ ਨਿਹੰਗ ਬਾਣੇ ਵਿੱਚ ਆਏ ਤੇ ਸੇਵਾਦਾਰ ਨਾਲ ਬਹਿਸਣ ਲੱਗੇ। ਸੇਵਾਦਾਰ ਨੇ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਤਖ਼ਤ ਸਾਹਿਬ ਦਾ ਲੰਗਰ ਹਾਲ ਹੈ ਇਥੇ ਅਰਾਮ ਨਾਲ ਗੱਲ ਕਰੋ। ਇਸ ਦੌਰਾਨ ਉਨ੍ਹਾਂ ਖੰਡੇ ਤੇ ਕਿਰਪਾਨਾਂ ਨਾਲ ਹਮਲਾ ਕਰ ਦਿੱਤਾ। ਜਦੋਂ ਉਨ੍ਹਾਂ ਨੂੰ ਹੋਰ ਮੁਲਾਜ਼ਮ ਛੁਡਾਉਣ ਲੱਗੇ ਤਾਂ ਹਮਲਾਵਰਾਂ ਨੇ ਉਨ੍ਹਾਂ 'ਤੇ ਵੀ ਹਮਲਾ ਕਰ ਦਿੱਤਾ। ਹਮਲੇ ਵਿੱਚ ਤਿੰਨ ਸ਼੍ਰੋਮਣੀ ਕਮੇਟੀ ਮੁਲਾਜ਼ਮ ਮੱਖਣ ਸਿੰਘ, ਰਤਨ ਸਿੰਘ ਅਤੇ ਭਗਵੰਤ ਸਿੰਘ ਜ਼ਖ਼ਮੀ ਹੋ ਗਏ। ਇਨ੍ਹਾਂ ਵਿੱਚੋਂ ਮੱਖਣ ਸਿੰਘ ਦੀ ਬਾਂਹ 'ਤੇ ਡੂੰਘਾ ਫੱਟ ਲੱਗਿਆ ਹੈ ਜਿਸ ਨੂੰ ਟਾਂਕੇ ਲਗਾ ਕੇ ਇਲਾਜ ਅਰੰਭਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਸਥਾਨਕ ਪੁਲੀਸ ਨੂੰ ਜਾਣਕਾਰੀ ਦਿੱਤੀ ਗਈ ਹੈ। ਚੌਕੀ ਇੰਚਾਰਜ ਗੁਰਮੁੱਖ ਸਿੰਘ ਨੇ ਦੱਸਿਆ ਕਿ ਇਸ ਸਬੰਧੀ ਦਲੀਪ ਸਿੰਘ ਵਾਸੀ ਅੰਮ੍ਰਿਤਸਰ, ਅਮਨਦੀਪ ਸਿੰਘ ਵਾਸੀ ਗੁਰਦਾਸਪੁਰ, ਹਰਮਨਦੀਪ ਸਿੰਘ ਨੇੜੇ ਪਿਪਲੀ ਸਾਹਿਬ ਨੂੰ ਗ੍ਰਿਫ਼ਤਾਰ ਕਰਕੇ ਇਨ੍ਹਾਂ ਸਣੇ ਤਿੰਨ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ।

ਪਾਸਪੋਰਟ ਬਣਾਉਣ ਵਿੱਚ ਪੰਜਾਬ ਦੇਸ਼ ’ਚੋਂ ਤੀਜੇ ਸਥਾਨ ’ਤੇ

ਚੰਡੀਗੜ੍ਹ : ਪੰਜਾਬ ’ਚ ਨਵੇਂ ਪਾਸਪੋਰਟਾਂ ਦੀ ਗੁੱਡੀ ਅਸਮਾਨੀ ਚੜ੍ਹਨ ਲੱਗੀ ਹੈ। ਸਾਲ 2023 ’ਚ ਬਣੇ ਪਾਸਪੋਰਟਾਂ ਨੇ ਪੁਰਾਣੇ ਸਭ ਰਿਕਾਰਡ ਤੋੜ ਦਿੱਤੇ ਹਨ। ਇੱਕ ਪਾਸੇ ‘ਵਤਨ ਵਾਪਸੀ’ ਦਾ ਨਾਅਰਾ ਗੂੰਜ ਰਿਹਾ ਹੈ ਪਰ ਦੂਜੇ ਪਾਸੇ ਨਵੇਂ ਪਾਸਪੋਰਟ ਬਣਾਉਣ ਵਾਲੇ ਕਤਾਰਾਂ ਬੰਨ੍ਹ ਖੜ੍ਹੇ ਹਨ। ਕਾਰਨ ਕੁਝ ਵੀ ਰਹੇ ਹੋਣ ਪਰ ਇਸ ਰੁਝਾਨ ਤੋਂ ਪੰਜਾਬੀ ਜਹਾਜ਼ ਚੜ੍ਹਨ ਲਈ ਕਾਹਲੇ ਜਾਪਦੇ ਹਨ। ਸਾਲ 2023 ਵਿੱਚ ਪੰਜਾਬ ’ਚ 11.94 ਲੱਖ ਪਾਸਪੋਰਟ ਬਣੇ ਹਨ ਜਦੋਂ ਕਿ 2024 ਦੇ ਪਹਿਲੇ ਛੇ ਮਹੀਨਿਆਂ ’ਚ ਹੀ (ਜੂਨ ਮਹੀਨੇ ਤੱਕ) ਪੰਜਾਬ ’ਚ 5.82 ਲੱਖ ਪਾਸਪੋਰਟ ਬਣ ਚੁੱਕੇ ਹਨ। ਕਰੋਨਾ ਕਾਲ ਦੌਰਾਨ ਪਾਸਪੋਰਟਾਂ ਨੂੰ ਠੱਲ੍ਹ ਪਈ ਸੀ। ਇਸ ਬਿਪਤਾ ਮਗਰੋਂ ਪਾਸਪੋਰਟ ਬਣਾਉਣ ਵਾਲਿਆਂ ਨੇ ਹਨੇਰੀ ਲਿਆ ਦਿੱਤੀ। ਪਹਿਲੀ ਜਨਵਰੀ 2014 ਤੋਂ ਜੂਨ 2024 (ਕਰੀਬ ਸਾਢੇ ਦਸ ਵਰ੍ਹਿਆਂ) ਵਿੱਚ ਪੰਜਾਬ ’ਚ 87.02 ਲੱਖ ਪਾਸਪੋਰਟ ਬਣ ਚੁੱਕੇ ਹਨ। ਸਾਲ 2023 ’ਚ ਪੰਜਾਬ ’ਚ ਰੋਜ਼ਾਨਾ ਔਸਤਨ 3,271 ਪਾਸਪੋਰਟ ਬਣੇ ਹਨ ਅਤੇ ਇਸ ਲਿਹਾਜ਼ ਨਾਲ ਹਰ ਘੰਟੇ ਪੰਜਾਬ ’ਚ ਔਸਤਨ 136 ਪਾਸਪੋਰਟ ਬਣ ਰਹੇ ਹਨ। ਹਰ ਮਹੀਨੇ ਇੱਕ ਲੱਖ ਪਾਸਪੋਰਟ ਬਣਦਾ ਹੈ। ਲੰਘੇ ਦਸ ਵਰ੍ਹਿਆਂ ਦੌਰਾਨ ਇਕੱਲਾ 2017 ਦਾ ਵਰ੍ਹਾ ਅਜਿਹਾ ਸੀ ਜਦੋਂ ਸਭ ਤੋਂ ਵੱਧ 9.73 ਲੱਖ ਪਾਸਪੋਰਟ ਬਣੇ ਸਨ ਅਤੇ ਇਹ ਰਿਕਾਰਡ ਹੁਣ ਸਾਲ 2023 ਨੇ ਤੋੜਿਆ ਹੈ। ਪੰਜਾਬ ਸਰਕਾਰ ਨੇ ‘ਵਤਨ ਵਾਪਸੀ’ ਦਾ ਹੋਕਾ ਦਿੱਤਾ ਹੈ ਪਰ ਇਹ ਰੁਝਾਨ ਵੱਖਰੀ ਤਸਵੀਰ ਪੇਸ਼ ਕਰ ਰਿਹਾ ਹੈ। ਸਟੱਡੀ ਵੀਜ਼ੇ ਨੂੰ ਹੁਣ ਠੱਲ੍ਹ ਪਈ ਹੈ ਅਤੇ ਆਈਲੈੱਟਸ ਕੇਂਦਰਾਂ ਵਾਲਿਆਂ ਦਾ ਕਾਰੋਬਾਰ ਵੀ ਮੱਠਾ ਪਿਆ ਹੈ। ਕਈ ਮੁਲਕਾਂ ’ਚ ਨਿਯਮਾਂ ਦੀ ਸਖ਼ਤੀ ਨੇ ਪੰਜਾਬੀਆਂ ਨੂੰ ਪੰਜਾਬ ’ਚ ਟਿਕਣ ਲਈ ਕਿਹਾ ਹੈ। ‘ਸਟੱਡੀ ਵੀਜ਼ੇ’ ਨੇ ਹੀ ਸਭ ਤੋਂ ਵੱਧ ਪੰਜਾਬ ਨੂੰ ਖਿੱਚਿਆ ਸੀ।ਗੁਆਂਢੀ ਸੂਬੇ ਹਰਿਆਣਾ ਵਿੱਚ ਸਾਲ 2023 ’ਚ 5.82 ਲੱਖ ਪਾਸਪੋਰਟ ਬਣੇ ਹਨ ਜੋ ਪੰਜਾਬ ਨਾਲੋਂ ਅੱਧੇ ਹਨ। ਸਾਲ 2023 ਵਿਚ ਦੇਸ਼ ਭਰ ’ਚੋਂ ਪਹਿਲਾ ਨੰਬਰ ਮਹਾਰਾਸ਼ਟਰ ਦਾ ਰਿਹਾ ਹੈ ਜਿੱਥੇ 15.10 ਲੱਖ ਪਾਸਪੋਰਟ ਬਣੇ ਹਨ ਅਤੇ ਦੂਜੇ ਨੰਬਰ ’ਤੇ ਉੱਤਰ ਪ੍ਰਦੇਸ਼ ਵਿਚ 13.68 ਲੱਖ ਪਾਸਪੋਰਟ ਬਣੇ ਹਨ। ਤੀਜਾ ਨੰਬਰ ਪੰਜਾਬ ਦਾ ਹੈ ਜਿੱਥੇ 11.94 ਲੱਖ ਪਾਸਪੋਰਟ ਬਣੇ ਹਨ। ਇਸ ਰੁਝਾਨ ਨੂੰ ਦੇਖਦਿਆਂ ਪੰਜਾਬ ’ਚ ਖੇਤਰੀ ਪਾਸਪੋਰਟ ਦਫ਼ਤਰਾਂ ਤੋਂ ਇਲਾਵਾ 14 ਪਾਸਪੋਰਟ ਸੇਵਾ ਕੇਂਦਰ ਵੀ ਚੱਲ ਰਹੇ ਹਨ ਜਿਨ੍ਹਾਂ ਦਾ ਵਰਕਲੋਡ ਪੰਜਾਬ ਨੇ ਵਧਾਇਆ ਹੋਇਆ ਹੈ। ਪਾਸਪੋਰਟ ਦਫ਼ਤਰਾਂ ਨੂੰ ਪੰਜਾਬ ਤੋਂ ਚੋਖੀ ਕਮਾਈ ਹੋ ਰਹੀ ਹੈ।

ਕੇਰਲਾ ਵੀ ਇਸ ਮਾਮਲੇ ਵਿੱਚ ਕਾਫ਼ੀ ਅੱਗੇ ਹੈ ਜਿੱਥੇ ਲੰਘੇ ਸਾਢੇ ਦਸ ਸਾਲਾਂ ’ਚ 1.22 ਕਰੋੜ ਪਾਸਪੋਰਟ ਬਣੇ ਹਨ। ਮਹਾਰਾਸ਼ਟਰ ’ਚ 1.19 ਕਰੋੜ, ਉੱਤਰ ਪ੍ਰਦੇਸ਼ ’ਚ 1.02 ਕਰੋੜ ਤੇ ਤਾਮਿਲਨਾਡੂ ’ਚ ਇੱਕ ਕਰੋੜ ਪਾਸਪੋਰਟ ਬਣੇ ਹਨ। ਪੰਜਾਬ ਵਿੱਚ 87.02 ਲੱਖ ਪਾਸਪੋਰਟ ਬਣੇ ਹਨ। ਪੰਜਾਬ ਸਰਕਾਰ ਨੇ ਇੱਧਰ ਸੂਬੇ ਵਿੱਚ ਸਰਕਾਰੀ ਨੌਕਰੀਆਂ ਦੇਣੀਆਂ ਸ਼ੁਰੂ ਕੀਤੀਆਂ ਹਨ ਅਤੇ ਮੁੱਖ ਮੰਤਰੀ ਭਗਵੰਤ ਮਾਨ ਆਖਦੇ ਹਨ ਕਿ ਰੈਗੂਲਰ ਨੌਕਰੀਆਂ ਮਿਲਣ ਕਰਕੇ ਪੰਜਾਬ ਦਾ ਨੌਜਵਾਨ ਵਿਦੇਸ਼ ਜਾਣ ਤੋਂ ਰੁਕਿਆ ਹੈ।

ਨੌ ਸਾਲਾਂ ’ਚ 28 ਹਜ਼ਾਰ ਬਾਸ਼ਿੰਦੇ ਛੱਡ ਚੁੱਕੇ ਨੇ ਦੇਸ਼ ਦੀ ਨਾਗਰਿਕਤਾ

ਪੰਜਾਬ ਦੇ ਜਿਹੜੇ ਨੌਜਵਾਨ ਕੈਨੇਡਾ ਜਾਂ ਹੋਰ ਦੇਸ਼ਾਂ ’ਚ ਪੀਆਰ ਹੋ ਗਏ ਹਨ, ਉਨ੍ਹਾਂ ਦੇ ਮਾਪੇ ਵੀ ਪਿੱਛੇ ਜਾਣ ਲੱਗੇ ਹਨ। ਪੰਜਾਬ ਵਿਚ ਕਰੀਬ 55 ਲੱਖ ਘਰ ਹਨ ਜਦੋਂ ਕਿ ਸਾਢੇ ਦਸ ਵਰ੍ਹਿਆਂ ’ਚ 87.02 ਲੱਖ ਪਾਸਪੋਰਟ ਬਣ ਗਏ ਹਨ। ਕੇਂਦਰੀ ਵਿਦੇਸ਼ ਮੰਤਰਾਲੇ ਦੇ ਵੇਰਵਿਆਂ ਅਨੁਸਾਰ ਪੰਜਾਬ ਦੇ ਕਰੀਬ 28 ਹਜ਼ਾਰ ਬਾਸ਼ਿੰਦੇ ਬੀਤੇ ਨੌ ਸਾਲਾਂ ’ਚ ਦੇਸ਼ ਦੀ ਨਾਗਰਿਕਤਾ ਛੱਡ ਚੁੱਕੇ ਹਨ। ਇਸ ਤਰ੍ਹਾਂ ਦੇ ਰੁਝਾਨ ਤੋਂ ਲੱਗਦਾ ਹੈ ਕਿ ਆਉਂਦੇ ਵਰ੍ਹਿਆਂ ’ਚ ਪੰਜਾਬ ਦੇ ਪਿੰਡ ਖ਼ਾਲੀ ਹੋ ਜਾਣਗੇ। ਬਹੁਤੇ ਪਿੰਡਾਂ ’ਚ ਤਾਂ ਅਜਿਹੇ ਹਾਲਾਤ ਬਣ ਵੀ ਚੁੱਕੇ ਹਨ।

ਸ਼ਰਧਾਵਾਨ ਤੇ ਨਿਮਾਣੇ ਸਿੱਖ ਵਜੋਂ ਅਕਾਲ ਤਖਤ ਵਿਖੇ ਪੇਸ਼ ਹੋਵਾਂਗਾ: ਸੁਖਬੀਰ ਬਾਦਲ

ਅੰਮ੍ਰਿਤਸਰ : ਸ਼੍ਰੋਮਣੀ ਅਕਾਲੀ ਦਲ ਦੇ ਨਾਰਾਜ਼ ਧੜੇ ਦੇ ਆਗੂਆਂ ਦੀ ਸ਼ਿਕਾਇਤ ’ਤੇ ਪੰਜ ਸਿੰਘ ਸਾਹਿਬਾਨ ਵੱਲੋਂ ਤਲਬ ਕੀਤੇ ਜਾਣ ਤੋਂ ਇਕ ਦਿਨ ਮਗਰੋਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅੱਜ ਕਿਹਾ ਕਿ ਉਹ ਸ਼ਰਧਾਵਾਨ ਤੇ ਨਿਮਾਣੇ ਸਿੱਖ ਵਜੋਂ ਨਿਮਰਤਾ ਸਹਿਤ ਸ੍ਰੀ ਅਕਾਲ ਤਖ਼ਤ ਵਿਖੇ ਪੇਸ਼ ਹੋਣਗੇ। ਉਨ੍ਹਾਂ ਇਹ ਖੁਲਾਸਾ ਆਪਣੇ ਅਧਿਕਾਰਤ ਸੋਸ਼ਲ ਮੀਡੀਆ ਖਾਤੇ ਰਾਹੀਂ ਕੀਤਾ ਹੈ। ਉਨ੍ਹਾਂ ਕਿਹਾ ਕਿ ਸ਼ਰਧਾਵਾਨ ਤੇ ਨਿਮਾਣੇ ਸਿੱਖ ਵਜੋਂ ਉਨ੍ਹਾਂ ਦਾ ਰੋਮ ਰੋਮ ਤੇ ਹਰ ਸੁਆਸ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਮੀਰੀ ਪੀਰੀ ਦੇ ਸਰਬਉਚ ਅਸਥਾਨ ਸ੍ਰੀ ਅਕਾਲ ਤਖ਼ਤ ਨੂੰ ਸਮਰਪਿਤ ਹੈ। ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਕੀਤੇ ਗਏ ਹੁਕਮ ਅਨੁਸਾਰ ਉਹ ਸ਼ਰਧਾ ਅਤੇ ਨਿਮਰਤਾ ਸਹਿਤ ਪੇਸ਼ ਹੋਣਗੇ। ਇਸ ਸੁਨੇਹੇ ਦੇ ਨਾਲ ਹੀ ਉਨ੍ਹਾਂ ਸ੍ਰੀ ਅਕਾਲ ਤਖਤ ਦੀ ਤਸਵੀਰ ਵੀ ਜੋੜੀ ਹੋਈ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਪਾਰਟੀ ਪ੍ਰਧਾਨ ਵੱਲੋਂ ਅਗਲੇ ਦਿਨਾਂ ਵਿਚ ਅਕਾਲ ਤਖ਼ਤ ਅੱਗੇ ਪੇਸ਼ ਹੋਣ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਪਾਰਟੀ ਪੂਰੀ ਤਰ੍ਹਾਂ ਸ੍ਰੀ ਅਕਾਲ ਤਖਤ ਅਤੇ ਗੁਰੂ ਘਰ ਨੂੰ ਸਮਰਪਿਤ ਹੈ। ਸ੍ਰੀ ਅਕਾਲ ਤਖਤ ਤੋਂ ਪੰਜ ਸਿੰਘ ਸਾਹਿਬਾਨ ਵੱਲੋਂ ਜੋ ਵੀ ਆਦੇਸ਼ ਕੀਤਾ ਗਿਆ ਹੈ, ਪਾਰਟੀ ਵੱਲੋਂ ਉਸ ਆਦੇਸ਼ ਨੂੰ ਸਮਰਪਿਤ ਹੁੰਦਿਆਂ ਹੋਇਆਂ ਪੂਰਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਸ੍ਰੀ ਅਕਾਲ ਤਖਤ ਦੇ ਆਦੇਸ਼ ਮੁਤਾਬਕ ਨਿਮਾਣੇ ਸਿੱਖ ਵਜੋਂ ਸਪਸ਼ਟੀਕਰਨ ਦੇਣ ਲਈ ਹਾਜ਼ਰ ਹੋਣਗੇ। ਵੇਰਵਿਆਂ ਮੁਤਾਬਕ ਸ਼੍ਰੋਮਣੀ ਅਕਾਲੀ ਦਲ ਦੀ ਮੁੱਖ ਧਿਰ ਨੇ ਸ੍ਰੀ ਅਕਾਲ ਤਖਤ ਵੱਲੋਂ ਕੀਤੇ ਗਏ ਆਦੇਸ਼ ਨੂੰ ਸਹਿਜਤਾ ਨਾਲ ਲਿਆ ਹੈ ਅਤੇ ਸਮਰਪਿਤ ਭਾਵਨਾ ਨਾਲ ਅਤੀਤ ਵਿੱਚ ਹੋਈਆਂ ਗਲਤੀਆਂ ਨੂੰ ਵੀ ਜਾਣੇ-ਅਣਜਾਣੇ ਵਿੱਚ ਹੋਈਆਂ ਭੁੱਲਾਂ-ਚੁੱਕਾਂ ਵਜੋਂ ਸਵੀਕਾਰ ਕਰਨ ਦੇ ਰੌਅ ਵਿੱਚ ਹੈ। ਸ਼੍ਰੋਮਣੀ ਅਕਾਲੀ ਦਲ ਇਸ ਵੇਲੇ ਇਸ ਮਾਮਲੇ ਵਿੱਚ ਕਿਸੇ ਵੀ ਤਰ੍ਹਾਂ ਦਾ ਕਿੰਤੂ ਪ੍ਰੰਤੂ ਨਹੀਂ ਕਰਨਾ ਚਾਹੁੰਦਾ ਹੈ। ਉਂਜ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਆਪਣੇ ਤੌਰ ’ਤੇ ਸ੍ਰੀ ਅਕਾਲ ਤਖਤ ਵਿਖੇ ਅਕਾਲੀ ਸਰਕਾਰ ਵੇਲੇ ਹੋਈਆਂ ਭੁੱਲਾਂ-ਚੁੱਕਾਂ ਦੀ ਖਿਮਾ ਯਾਚਨਾ ਦੀ ਅਰਦਾਸ ਕਰ ਚੁੱਕੀ ਹੈ। ਸਮੁੱਚੀ ਲੀਡਰਸ਼ਿਪ ਵੱਲੋਂ ਇਸ ਸਬੰਧ ਵਿੱਚ ਸ੍ਰੀ ਦਰਬਾਰ ਸਾਹਿਬ ਸਮੂਹ ਵਿੱਚ ਸੇਵਾ ਵੀ ਕੀਤੀ ਗਈ ਸੀ। ਉਧਰ ਨਾਰਾਜ਼ ਧਿਰ ਨਾਲ ਖੜ੍ਹੀ ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਕਿਰਨਜੋਤ ਕੌਰ ਨੇ ਸ੍ਰੀ ਅਕਾਲ ਤਖਤ ਦੇ ਫੈਸਲੇ ਦਾ ਸਵਾਗਤ ਕਰਦਿਆਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਹੋਏ ਵਿੱਤੀ ਨੁਕਸਾਨ ਦੀ ਭਰਪਾਈ ਉਸ ਵੇਲੇ ਦੀ ਅੰਤ੍ਰਿਗ ਕਮੇਟੀ ਮੈਂਬਰਾਂ ਤੇ ਅਹੁਦੇਦਾਰਾਂ ਕੋਲੋਂ ਕੀਤੀ ਜਾਣੀ ਚਾਹੀਦੀ ਹੈ।

ਸਿਆਸੀ ਫੁਹਾਰ ਨੇ ਭਰੀ ਦਿਲਾਂ ਵਿੱਚ ਮਿਠਾਸ..!

ਭਗਵੰਤ ਮਾਨ ਤੇ ਕੁਲਤਾਰ ਸੰਧਵਾਂ ਦੀ ਮਿਲਣੀ ਨੇ ਨਵਾਂ ਮੁੱਢ ਬੰਨ੍ਹਿਆ

ਸਰਕਾਰ ਵਿੱਚ ‘ਸਭ ਅੱਛਾ’ ਨਾ ਹੋਣ ਦੀਆਂ ਚਰਚਾਵਾਂ ਨੂੰ ਲੱਗੀ ਬਰੇਕ

ਚੰਡੀਗੜ੍ਹ : ਮੁੱਖ ਮੰਤਰੀ ਭਗਵੰਤ ਮਾਨ ਤੇ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਦਰਮਿਆਨ ਅੱਜ ਸਿਆਸੀ ਸੁਰ ਵੀ ਮਿਲੇ ਅਤੇ ਦਿਲਾਂ ਦੀ ਤਾਲ ਵੀ। ਮੌਕਾ ਜਲੰਧਰ ਪੱਛਮੀ ਤੋਂ ਵਿਧਾਇਕ ਬਣੇ ਮਹਿੰਦਰ ਭਗਤ ਦੇ ਸਹੁੰ ਚੁੱਕ ਸਮਾਗਮ ਦਾ ਸੀ। ਭਗਵੰਤ ਮਾਨ ਤੇ ਸੰਧਵਾਂ ਕਰੀਬ ਘੰਟਾ ਆਪਸੀ ਮੇਲ ਜੋਲ ’ਚ ਰਹੇ। ਅੱਜ ਦੀ ਆਪਸੀ ਮਿਲਣੀ ਨੇ ਉਨ੍ਹਾਂ ਚਰਚਾਵਾਂ ਨੂੰ ਲਗਾਮ ਵੀ ਲਾਈ ਜਿਨ੍ਹਾਂ ਨੇ ਪੰਜਾਬ ਸਰਕਾਰ ’ਚ ਸਿਆਸੀ ਫ਼ਰੰਟ ’ਤੇ ‘ਸਭ ਅੱਛਾ’ ਨਾ ਹੋਣ ਨੂੰ ਉਛਾਲਿਆ ਸੀ। ਚੇਤੇ ਰਹੇ ਕਿ ਪਿਛਲੇ ਦਿਨਾਂ ਵਿੱਚ ਵਿਰੋਧੀ ਧਿਰਾਂ ਨੇ ਚਟਕਾਰੇ ਲਏ ਸਨ ਕਿ ਸੰਧਵਾਂ ਆਪਣੇ ਧੜੇ ਨਾਲ ਦਿੱਲੀ ਚਲੇ ਗਏ ਹਨ ਅਤੇ ਉਹ ਬਾਗ਼ੀ ਤੇਵਰ ਅਪਣਾ ਰਹੇ ਹਨ (‘ਆਪ’ ਦੀ ਹਾਈਕਮਾਨ ਨੂੰ ਵੀ ਅੰਦਰੋਂ ਅੰਦਰੀਂ ਇਹ ਸੁਨਹਿਰੀ ਮੌਕਾ ਜਾਪਿਆ ਹੋਵੇਗਾ ਪਰ ਮੌਕੇ ਦੀਆਂ ਪ੍ਰਸਥਿਤੀਆਂ ਸੁਖਾਵੀਆਂ ਨਹੀਂ ਸਨ।ਜਲੰਧਰ ਦੀ ਜ਼ਿਮਨੀ ਚੋਣ ਤੋਂ ਪਹਿਲਾਂ ਸਿਆਸੀ ਬਿਖੇੜੇ ਦਾ ਧੂੰਆਂ ਸਿਖਰਾਂ ਵੱਲ ਉੱਠ ਰਿਹਾ ਸੀ। ਹੁਣ ਜਦੋਂ ਭਗਵੰਤ ਮਾਨ ਵੱਲੋਂ ਵਕਾਰੀ ਸੀਟ ਜਲੰਧਰ ਪੱਛਮੀ ਨੂੰ ਕਰੀਬ 37 ਹਜ਼ਾਰ ਵੋਟਾਂ ਦੇ ਫ਼ਰਕ ਨਾਲ ਜਿੱਤ ਲਿਆ ਗਿਆ ਹੈ ਤਾਂ ਉਸ ਮਗਰੋਂ ਸਮੁੱਚਾ ਰਾਜਸੀ ਮੌਸਮ ਹੀ ਖ਼ੁਸ਼ਗਵਾਰ ਹੋ ਗਿਆ ਹੈ। ਸਾਉਣ ਦੀਆਂ ਸਿਆਸੀ ਫੁਹਾਰਾਂ ਨੇ ਆਖ਼ਰ ਅੱਜ ਸਭ ਗਿਲੇ ਸ਼ਿਕਵਿਆਂ ਨੂੰ ਧੋ ਦਿੱਤਾ। ਭਗਵੰਤ ਮਾਨ ਅਤੇ ਸੰਧਵਾਂ ਦੀ ਆਖ਼ਰੀ ਮਿਲਣੀ ਦੋ ਜੂਨ ਨੂੰ ਦਿੱਲੀ ਵਿੱਚ ਹੋਈ ਸੀ। ਕਰੀਬ ਡੇਢ ਮਹੀਨੇ ਮਗਰੋਂ ਅੱਜ ਦੋਵੇਂ ਨੇਤਾ ਆਹਮੋ ਸਾਹਮਣੇ ਹੋਏ। ਡੇਢ ਮਹੀਨੇ ਵਿਚ ਅੰਦਰ ਖਾਤੇ ਸਿਆਸੀ ਖੁੰਦਕਾਂ ਦਾ ਥੋਕ ਬਾਜ਼ਾਰ ਸਜਿਆ ਰਿਹਾ। ਲੋਕ ਸਭਾ ਚੋਣਾਂ ’ਚ ‘ਆਪ’ ਨੂੰ ਤਿੰਨ ਸੀਟਾਂ ਮਿਲੀਆਂ ਸਨ ਜਿਸ ਮਗਰੋਂ ਪਾਰਟੀ ਵਿੱਚ ਵਿਰੋਧੀ ਸੁਰਾਂ ਨੇ ਸਿਰ ਚੁੱਕ ਲਿਆ ਸੀ ਪਰ ਹੁਣ ਜਲੰਧਰ ਜ਼ਿਮਨੀ ਚੋਣ ਦੀ ਜਿੱਤ ਮਗਰੋਂ ਸਭ ਕੁੱਝ ਬਦਲਿਆ ਬਦਲਿਆ ਨਜ਼ਰ ਆਇਆ। ਅੱਜ ਮਹਿੰਦਰ ਭਗਤ ਨੂੰ ਸਪੀਕਰ ਸੰਧਵਾਂ ਨੇ ਹਲਫ਼ ਦਿਵਾਇਆ। ਜਦੋਂ ਮੁੱਖ ਮੰਤਰੀ ਭਗਵੰਤ ਮਾਨ ਵਿਧਾਨ ਸਭਾ ਕੰਪਲੈਕਸ ਵਿੱਚ ਪੁੱਜੇ ਤਾਂ ਸਪੀਕਰ ਸੰਧਵਾਂ ਨੇ ਗੁਲਾਬ ਦੇ ਫੁੱਲਾਂ ਵਾਲਾ ਗੁਲਦਸਤਾ ਭੇਟ ਕੀਤਾ। ਦੋਵਾਂ ਆਗੂਆਂ ਨੇ ਇੱਕੋ ਜਿੰਨਾ ਨਿੱਘ ਦਿਖਾਇਆ। ਆਪਸੀ ਸਬੰਧਾਂ ਵਿੱਚ ਆਈ ਖਟਾਸ ਨੂੰ ਅੱਜ ਦੇ ਸਹੁੰ ਚੁੱਕ ਸਮਾਰੋਹ ਨੇ ਮਿਠਾਸ ਵਿੱਚ ਬਦਲ ਦਿੱਤਾ। ਕੁਲਤਾਰ ਸੰਧਵਾਂ ਨੇ ਮੁੱਖ ਮੰਤਰੀ ਨਾਲ ਮੀਟਿੰਗ ਦੌਰਾਨ ਗ਼ਲਤ ਫਹਿਮੀਆਂ ਨੂੰ ਦੂਰ ਕਰਨ ਦਾ ਯਤਨ ਕੀਤਾ ਅਤੇ ਸੰਧਵਾਂ ਨੇ ਆਪਣੇ ਮਨ ਦੀਆਂ ਗੱਲਾਂ ਸਾਂਝੀਆਂ ਕੀਤੀਆਂ।

ਰਾਜਪਾਲ ਹੀ ਰਹੇਗਾ ਪੰਜਾਬ ਦੀਆਂ ਯੂਨੀਵਰਸਿਟੀਆਂ ਦਾ ਚਾਂਸਲਰ

ਚੰਡੀਗੜ੍ਹ : ਪੰਜਾਬ ਦੇ ਰਾਜਪਾਲ ਵੱਲੋਂ ਭੇਜੇ ਗਏ ‘ਪੰਜਾਬ ਯੂਨੀਵਰਸਿਟੀ ਲਾਅਜ਼ (ਸੋਧ) ਬਿੱਲ 2023’ ਨੂੰ ਰਾਸ਼ਟਰਪਤੀ ਨੇ ਬਿਨਾਂ ਮਨਜ਼ੂਰੀ ਦੇ ਪੰਜਾਬ ਸਰਕਾਰ ਕੋਲ ਬੇਰੰਗ ਮੋੜ ਦਿੱਤਾ ਹੈ। ਪੰਜਾਬ ਵਿਧਾਨ ਸਭਾ ਨੇ ਪਿਛਲੇ ਸਾਲ 21 ਜੂਨ ਨੂੰ ਇਹ ਬਿੱਲ ਸਰਬਸੰਮਤੀ ਨਾਲ ਪਾਸ ਕੀਤਾ ਸੀ। ਬਿੱਲ ਤਹਿਤ ਸੂਬੇ ਦੀਆਂ 12 ਸਟੇਟ ਯੂਨੀਵਰਸਿਟੀਆਂ ਦੇ ਕੁਲਪਤੀ ਦੀ ਸ਼ਕਤੀ ਰਾਜਪਾਲ ਤੋਂ ਮੁੱਖ ਮੰਤਰੀ ਕੋਲ ਤਬਦੀਲ ਹੋਣੀ ਸੀ। ਰਾਸ਼ਟਰਪਤੀ ਨੇ ਪਿਛਲੇ ਹਫ਼ਤੇ ਇਹ ਬਿੱਲ ਪੰਜਾਬ ਰਾਜ ਭਵਨ ਨੂੰ ਵਾਪਸ ਕਰ ਦਿੱਤਾ ਸੀ।ਰਾਜ ਭਵਨ ਦੇ ਸੂਤਰਾਂ ਅਨੁਸਾਰ ਰਾਸ਼ਟਰਪਤੀ ਨੂੰ ਮਨਜ਼ੂਰੀ ਵਾਸਤੇ ਭੇਜੇ ਤਿੰਨ ਬਿੱਲਾਂ ’ਚੋਂ ਇਹ ਉਪਰੋਕਤ ਬਿੱਲ ਵਾਪਸ ਭੇਜ ਦਿੱਤਾ ਗਿਆ ਹੈ। ਪੰਜਾਬ ਦੇ ਰਾਜਪਾਲ ਨੇ ਪੰਜਾਬ ਵਿਧਾਨ ਸਭਾ ਵੱਲੋਂ ਪਾਸ ਕੀਤੇ ਤਿੰਨ ਬਿੱਲ ਭਾਰਤੀ ਸੰਵਿਧਾਨ ਦੀ ਧਾਰਾ 200 ਅਧੀਨ ਭਾਰਤ ਦੇ ਰਾਸ਼ਟਰਪਤੀ ਲਈ ਆਪਣੇ ਕੋਲ ਰਾਖਵੇਂ ਰੱਖ ਲਏ ਸਨ। ਰਾਜਪਾਲ ਨੇ ਮਗਰੋਂ ਇਹ ਤਿੰਨੋਂ ਬਿੱਲ ‘ਪੰਜਾਬ ਯੂਨੀਵਰਸਿਟੀ ਲਾਅਜ਼ (ਸੋਧ) ਬਿੱਲ 2023’, ‘ਪੰਜਾਬ ਪੁਲੀਸ (ਸੋਧ) ਬਿੱਲ’ ਅਤੇ ‘ਸਿੱਖ ਗੁਰਦੁਆਰਾ (ਸੋਧ) ਬਿੱਲ’ ਰਾਸ਼ਟਰਪਤੀ ਕੋਲ ਭੇਜ ਦਿੱਤੇ ਸਨ। ‘ਪੰਜਾਬ ਯੂਨੀਵਰਸਿਟੀ ਲਾਅਜ਼ (ਸੋਧ) ਬਿੱਲ 2023’ ਵਾਪਸ ਹੁਣ ਉਚੇਰੀ ਸਿੱਖਿਆ ਵਿਭਾਗ ਕੋਲ ਆ ਗਿਆ ਹੈ ਅਤੇ ਇਸ ਬਿੱਲ ਨੂੰ ਪ੍ਰਵਾਨਗੀ ਮਿਲਣ ਨਾਲ ਰਾਜਪਾਲ ਦੀਆਂ ਤਾਕਤਾਂ ’ਚ ਕਟੌਤੀ ਹੋਣੀ ਸੀ। ਉਚੇਰੀ ਸਿੱਖਿਆ ਵਿਭਾਗ ਦੇ ਅਧਿਕਾਰਤ ਸੂਤਰਾਂ ਮੁਤਾਬਕ ਰਾਸ਼ਟਰਪਤੀ ਨੇ ਬਿੱਲ ’ਚ ਕੀਤੀਆਂ ਸੋਧਾਂ ਨੂੰ ਮਨਜ਼ੂਰੀ ਨਹੀਂ ਦਿੱਤੀ ਹੈ। ਰਾਸ਼ਟਰਪਤੀ ਵੱਲੋਂ ਮਨਜ਼ੂਰੀ ਨਾ ਮਿਲਣ ਮਗਰੋਂ ਹੁਣ ਰਾਜ ਸੰਚਾਲਿਤ ਯੂਨੀਵਰਸਿਟੀਆਂ ਦੇ ਚਾਂਸਲਰ ਰਾਜਪਾਲ ਹੀ ਬਣੇ ਰਹਿਣਗੇ। ਦੱਸਣਯੋਗ ਹੈ ਕਿ ਇਹ ਬਿੱਲ ਕਾਫ਼ੀ ਸਮਾਂ ਤਾਂ ਪੈਂਡਿੰਗ ਹੀ ਪਏ ਰਹੇ ਸਨ ਕਿਉਂਕਿ ਰਾਜਪਾਲ ਨੇ ਜੂਨ 2023 ਦੇ ਸੈਸ਼ਨ ਨੂੰ ਗ਼ੈਰਕਾਨੂੰਨੀ ਐਲਾਨ ਦਿੱਤਾ ਸੀ। ਸੁਪਰੀਮ ਕੋਰਟ ਨੇ ਮਗਰੋਂ ਜੂਨ 2023 ਦੇ ਸੈਸ਼ਨ ਨੂੰ ਸੰਵਿਧਾਨਿਕ ਤੌਰ ’ਤੇ ਜਾਇਜ਼ ਕਰਾਰ ਦਿੰਦਿਆਂ ਰਾਜਪਾਲ ਨੂੰ ਇਸ ਸੈਸ਼ਨ ਵਿਚ ਪਾਸ ਬਿੱਲਾਂ ’ਤੇ ਫ਼ੈਸਲਾ ਲੈਣ ਲਈ ਕਿਹਾ ਸੀ। ਉਪਰੰਤ ਰਾਜਪਾਲ ਨੇ ‘ਪੰਜਾਬ ਐਫੀਲੀਏਟਿਡ ਕਾਲਜ (ਸੇਵਾ ਦੀ

Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREET NEWS.COM

Cheif Editor
Pritpal Kaur
+1 201-312-4180

Vol 4, Issue 262 | Website: www.preetnama.com Email preetnamausa@gmail.com | 19 JULY TO 25 JULY, 2024

ਸ਼ਿਵ ਕੁਮਾਰ ਬਟਾਲਵੀ ਦੀ ਜ਼ਿੰਦਗੀ ਤੇ ਸਾਹਿਤਕ ਸਫਰ ਦੀ ਸਾਂਝ

ਸ. ਸੁਖਚੈਨ ਸਿੰਘ ਕੁਰੜ
ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਾਨਾ ਸਿੰਘ ਵਾਲਾ (ਫਿਰੋਜ਼ਪੁਰ)

ਜੋਬਨ ਰੁੱਤੇ ਜੋ ਵੀ ਮਰਦਾ, ਫੁੱਲ ਬਣੇ ਜਾਂ ਤਾਰਾ।
ਜੋਬਨ ਰੁੱਤੇ ਆਸ਼ਿਕ ਮਰਦੇ ਜਾਂ ਕੋਈ ਕਰਮਾਂ ਵਾਲਾ।

ਉਪਰੋਕਤ ਸਤਰਾਂ ਤੁਸੀਂ ਕਿਤੇ ਨਾ ਕਿਤੇ ਆਪਣੀ ਜਿ?ਦਗੀ ਵਿੱਚ ਜਰੂਰ ਪੜ੍ਹੀਆਂ ਜਾਂ ਸੁਣੀਆਂ ਹੋਣਗੀਆਂ। ਇਹਨਾਂ ਸਤਰਾਂ ਨੂੰ ਲਿਖਣ ਵਾਲਾ ਖੁਦ ਆਪਣੀਆਂ ਲਿਖੀਆਂ ਸਤਰਾਂ ਨਾਲ ਵਫਾ ਨਿਭਾਉਂਦਿਆਂ ਸੱਚੀਂ ਜੋਬਨ ਰੁੱਤੇ 6 ਮਈ 1973 ਨੂੰ ਇਸ ਦੁਨੀਆਂ ਤੋਂ ਆਪਣੇ ਚਾਹੁਣ ਵਾਲਿਆਂ ਨੂੰ ਹਮੇਸਾ ਲਈ "ਅਲਵਿਦਾ" ਕਹਿ ਗਿਆ ਸੀ।

ਭਲਾ ਇਸ ਤਰ੍ਹਾਂ ਵੀ ਕੋਈ ਅਲਵਿਦਾ ਕਹਿੰਦਾਂ ਹੁੰਦਾ ?

ਹਾਂ ਸਾਡੇ ਕੋਲ ਇੱਕ ਨਾਂ ਹੈ ਅਜਿਹਾ ਜਿਸ ਨੇ ਇੰਝ ਅਲਵਿਦਾ ਕਹਿਣ ਤੋਂ ਪਹਿਲਾਂ ਸਾਹਿਤਕ ਖੇਤਰ ਵਿੱਚ ਬਿਰਹਾ ਦੇ ਕਵੀ ਦੇ ਤੌਰ ਤੇ ਆਪਣੀ ਬਹੁਤ ਵੱਡੀ ਪਹਿਚਾਣ ਬਣਾਈ।

ਬਿਰਹਾ ਦਾ ਕਵੀ ਸਬਦ ਸੁਣਦਿਆਂ ਉਮੀਦ ਕਰਦੇ ਹਾਂ ਕਿ ਤੁਹਾਡੇ ਖਿਆਲ ਸਿ?ਵ ਕੁਮਾਰ ਬਟਾਲਵੀ ਦਾ ਨਾਂ ਹੁਣ ਜਰੂਰ ਆ ਚੁੱਕਾ ਹੋਵੇਗਾ।

ਸਿ?ਵ ਕੁਮਾਰ ਦੇ ਦੁੱਖਾਂ ਦੀ ਗੱਲ ਕਰਦਿਆਂ ਸੰਤ ਸਿੰਘ ਸੇਖੋਂ ਲਿਖਦੇ ਹਨ ਕਿ "ਸ਼ਿਵ ਕੁਮਾਰ ਦੇ ਦੁੱਖ ਉਥੋਂ ਸ਼ੁਰੂ ਹੁੰਦੇ ਹਨ, ਜਿਥੋਂ ਜੌਹਨ ਕੀਟਸ ਦੇ ਖਤਮ ਹੁੰਦੇ ਹਨ।

ਆਓ ਅੱਜ ਪੰਜਾਬੀ ਦੇ ਜੌਹਨ ਕੀਟਸ, ਬਿਰਹਾ ਦੇ ਕਵੀ ਨੂੰ ਯਾਦ ਕਰਦਿਆਂ ਉਹਦੀ ਜਿ?ਦਗੀ ਤੇ ਸਾਹਿਤਕ ਸਫਰ ਨਾਲ ਆਪਾਂ ਸਾਂਝ ਬਣਾਈਏ।

ਜਨਮ ਤੇ ਪਰਿਵਾਰ:- ਸ਼ਿਵ ਕੁਮਾਰ ਦਾ ਜਨਮ 23 ਜੁਲਾਈ 1936 (ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਪੁਸਤਕਾਂ ਮੁਤਾਬਕ 8 ਅਕਤੂਬਰ 1937ਈ.) ਨੂੰ ਜੰਮੂ-ਕਸ਼ਮੀਰ ਦੀ ਹੱਦ ਨਾਲ ਲੱਗਦੇ 'ਸ਼ਕਰਗੜ੍ਹ' ਤਹਿਸੀਲ ਦੇ ਬੜਾ ਪਿੰਡ ਲੋਹਟੀਆਂ (ਅੱਜਕਲ ਪਾਕਿਸਤਾਨ) ਵਿੱਚ ਹੋਇਆ ਸੀ। ਦੇਸ ਦੀ ਵੰਡ ਤੋਂ ਪਹਿਲਾਂ ਇਹ ਗੁਰਦਾਸਪੁਰ ਜ਼ਿਲ੍ਹੇ ਦਾ ਇੱਕ ਪਿੰਡ ਸੀ। ਉਸ ਦੇ ਪਿਤਾ ਪੰਡਤ ਕ੍ਰਿਸ਼ਨ ਗੋਪਾਲ, ਮਾਲ ਮਹਿਕਮੇ ਵਿਚ ਪਹਿਲਾਂ ਪਟਵਾਰੀ ਰਹੇ, ਬਾਅਦ ਵਿਚ ਕਾਨੂੰਗੋ ਅਤੇ ਸੇਵਾਮੁਕਤੀ ਵੇਲੇ ਪਟਵਾਰ ਸਕੂਲ ਬਟਾਲਾ ਦੇ ਪ੍ਰਿੰਸੀਪਲ ਸਨ। ਉਸ ਦੀ ਮਾਤਾ ਸ਼ਾਂਤੀ ਦੇਵੀ ਦੀ ਆਵਾਜ਼ ਬਹੁਤ ਸੁਰੀਲੀ ਸੀ, ਉਹੀ ਸੁਰੀਲਾਪਣ ਸ਼ਿਵ ਦੀ ਆਵਾਜ਼ ਵਿਚ ਵੀ ਸੀ।

ਪੜ੍ਹਾਈ ਤੇ ਰੁਜਗਾਰ ਦਾ ਸਫਰ:- ਸ਼ਿਵ ਕੁਮਾਰ ਨੇ ਮੁੱਢਲੀ ਪੜ੍ਹਾਈ ਬੜਾ ਪਿੰਡ 'ਲੋਹਤੀਆਂ' ਦੇ ਪ੍ਰਾਇਮਰੀ ਸਕੂਲ ਤੋਂ ਹਾਸਲ ਕੀਤੀ। ਸੰਨ 1953 ਵਿਚ ਸ਼ਿਵ ਨੇ 'ਸਾਲਵੇਸ਼ਨ ਆਰਮੀ ਹਾਈ ਸਕੂਲ' ਬਟਾਲਾ ਤੋਂ ਦਸਵੀਂ ਪਾਸ ਕੀਤੀ। ਉਸ ਦੇ ਪਿਤਾ ਉਸ ਨੂੰ ਚੰਗਾ ਪੜ੍ਹਾ-ਲਿਖਾ ਕੇ ਉਚ ਵਿੱਦਿਆ ਦਿਵਾ ਕੇ ਇਕ ਕਾਰੋਬਾਰੀ ਵਿਅਕਤੀ ਬਣਾਉਣਾ ਚਾਹੁੰਦੇ ਸਨ, ਪਰ ਉਨ੍ਹਾਂ ਨੂੰ ਨਿਰਾਸ਼ਾ ਹੀ ਮਿਲੀ ਕਿਉਂਕਿ ਦਸਵੀਂ ਤੋਂ ਬਾਅਦ ਅਗਲੇ ਦੋ ਸਾਲ ਦੌਰਾਨ ਬਿਨਾਂ ਕਿਸੇ ਡਿਗਰੀ ਪ੍ਰਾਪਤ ਕਰਨ ਦੇ ਉਸ ਨੇ ਤਿੰਨ ਵਾਰੀ ਕਾਲਜ ਬਦਲੇ। ਪਹਿਲਾਂ ਬੇਰਿੰਗ ਯੂਨੀਅਨ ਕ੍ਰਿਸਚੀਅਨ ਕਾਲਜ ਬਟਾਲਾ ਵਿਚ ਐਫ.ਐਸ.ਸੀ. ਵਿਚ ਦਾਖ਼ਲਾ ਲਿਆ ਅਤੇ ਇਮਤਿਹਾਨਾਂ ਤੋਂ ਪਹਿਲਾਂ ਹੀ ਛੱਡ ਦਿਤਾ। ਫਿਰ ਨਾਭੇ ਜਾ ਕੇ ਸਰਕਾਰੀ ਰਿਪੂਦਮਨ ਕਾਲਜ ਵਿਚ ਦਾਖ਼ਲ ਹੋਇਆ, ਪਰ ਕੁੱਝ ਹੀ ਮਹੀਨਿਆਂ ਪਿੱਛੋਂ ਮੁੜ ਆਇਆ ਅਤੇ ਆਰਟਸ ਵਿਸ਼ਿਆਂ ਨਾਲ ਸਿੱਖ ਨੈਸ਼ਨਲ ਕਾਲਜ, ਕਾਦੀਆਂ ਵਿਚ ਦਾਖ਼ਲਾ ਲੈ ਲਿਆ। ਉਥੇ ਵੀ ਇਮਤਿਹਾਨ ਨਾ ਦਿੱਤਾ ਅਤੇ ਸਾਲ ਬਾਅਦ ਇਹ ਕਾਲਜ ਛੱਡ ਕੇ ਬੈਜਨਾਥ ਜ਼ਿਲ੍ਹਾ ਕਾਂਗੜਾ ਦੇ ਇਕ ਸਕੂਲ ਵਿਚ ਓਵਰਸੀਅਰ ਦੇ ਕੋਰਸ ਵਿਚ ਦਾਖ਼ਲਾ ਲੈ ਲਿਆ। ਫਿਰ ਪਿਤਾ ਕ੍ਰਿਸ਼ਨ ਗੋਪਾਲ ਨੇ ਪੁੱਤਰ ਸ਼ਿਵ ਕੁਮਾਰ ਨੂੰ ਪਟਵਾਰੀ ਲਵਾ ਦਿਤਾ ਪਰ 1961 ਵਿਚ ਉਸ ਨੇ ਇਸ ਨੌਕਰੀ ਤੋਂ ਵੀ ਅਸਤੀਫ਼ਾ ਦੇ ਦਿਤਾ ਅਤੇ 1966 ਤਕ ਬੇਰੁਜ਼ਗਾਰ ਹੀ ਰਿਹਾ। ਪਿਤਾ ਕੋਲੋਂ ਉਹ ਕੋਈ ਖ਼ਰਚਾ ਨਹੀਂ ਸੀ ਲੈਂਦਾ। ਇਸ ਲਈ ਇਸ ਸਮੇਂ ਦੌਰਾਨ ਉਹ ਕਦੀ ਕਦਾਈਂ ਕਵੀ ਦਰਬਾਰਾਂ ਵਿਚ ਅਪਣੀਆਂ ਕਵਿਤਾਵਾਂ ਪੜ੍ਹਨ ਦੇ ਸੇਵਾ ਫਲ ਜਾਂ ਕੁੱਝ ਛਪ ਚੁਕੀਆਂ ਕਿਤਾਬਾਂ ਦੀ ਨਿਗੂਣੀ ਜਿਹੀ ਰਾਇਲਟੀ 'ਤੇ ਹੀ ਗੁਜ਼ਾਰਾ ਕਰਦਾ ਸੀ। ਕਈ-ਕਈ ਦਿਨ ਉਹ ਦੋਸਤਾਂ-ਯਾਰਾਂ ਦੇ ਘਰੀਂ ਹੀ ਰਹਿੰਦਾ। ਆਖ਼ਰ 1966 ਵਿਚ ਰੋਜ਼ੀ-ਰੋਟੀ ਦੇ ਉਪਰਾਲੇ ਵਜੋਂ ਉਸ ਨੇ 'ਸਟੇਟ ਬੈਂਕ ਆਫ਼ ਇੰਡੀਆ' ਦੀ ਬਟਾਲਾ ਬ੍ਰਾਂਚ ਵਿਚ ਕਲਰਕ ਦੀ ਨੌਕਰੀ ਲੈ ਲਈ।

ਵਿਆਹ ਤੇ ਔਲਾਦ:- 5 ਫਰਵਰੀ 1967 ਨੂੰ ਉਸਦੀ ਸ਼ਾਦੀ ਅਰੁਣਾ ਨਾਲ ਹੋਈ, ਉਨ੍ਹਾਂ ਦੇ ਦੋ ਬੱਚੇ ਮਿਹਰਬਾਨ ਬਟਾਲਵੀ ਤੇ ਪੂਜਾ ਬੇਟੀ ਹੋਏ। ਅਗਲੇ ਸਾਲ ਉਸਦੀ ਬਦਲੀ ਚੰਡੀਗੜ੍ਹ ਹੋ ਗਈ। ਇਸੇ ਸਾਲ ਹੀ ਸਿ?ਵ ਨੂੰ ਉਸਦੀ ਸਾਹਕਾਰ ਕਾਵਿ ਨਾਟਕ ਰਚਨਾ "ਲੂਣਾ" ਲਈ ਸਾਹਿਤ ਅਕਾਦਮੀ ਪੁਰਸਕਾਰ ਮਿਲਿਆ। ਸਭ ਤੋਂ ਛੋਟੀ ਉਮਰੇ ਸਾਹਿਤ ਅਕਾਦਮੀ ਪੁਰਸਕਾਰ ਪ੍ਰਾਪਤ ਕਰਨ ਦਾ ਮਾਣ ਸਿ?ਵ ਕੁਮਾਰ ਬਟਾਲਵੀ ਦੇ ਹਿੱਸੇ ਹੀ ਆਇਆ।

ਇਸ ਕਾਵਿ ਨਾਟਕ ਵਿੱਚ ਕਵੀ ਨੇ ਪਹਿਲੀ ਵਾਰ ਲੂਣਾ ਨੂੰ ਨਿਰਦੋਸ਼ ਸਾਬਤ ਕਰਨ ਦਾ ਸਫਲ ਯਤਨ ਕੀਤਾ।

"ਪੰਜਾਬੀ ਕਵੀਆਂ ਵਿਚੋਂ ਸ਼ਿਵ ਨੂੰ ਸਭ ਤੋਂ ਵੱਧ ਗਾਇਆ ਗਿਆ ਹੈ। ਮੁਹੰਮਦ ਰਫੀ, ਮਹਿੰਦਰ ਕਪੂਰ, ਜਗਜੀਤ ਸਿੰਘ, ਹੰਸ ਰਾਜ ਹੰਸ, ਜਗਜੀਤ ਜੀਰਵੀ, ਸ਼ਿੰਗਾਰਾ ਚਾਹਲ, ਆਸ਼ਾ ਭੌਂਸਲੇ, ਪੁਸ਼ਪਾ ਹੰਸ, ਸੁਰਿੰਦਰ ਕੌਰ ਗਾਇਕਾਂ ਨੇ ਗਾਇਆ ਹੈ। ਬਲਵੰਤ ਗਾਰਗੀ ਦੇ ਨਾਟਕ ਗਗਨ ਮਹਿ ਥਾਲ ਦੇ ਗੀਤ ਵੀ ਸਿ?ਵ ਨੇ ਗੁਰੂ ਨਾਨਕ ਸ਼ਤਾਬਦੀ ਮੌਕੇ ਲਿਖੇ।

ਉਸ ਦੇ ਜਮਾਤੀ ਸ: ਭੁਪਿੰਦਰ ਸਿੰਘ ਮਾਨ ਅਤੇ ਡਾ: ਮ. ਸ. ਬਾਜਵਾ ਦੱਸਦੇ ਨੇ ਕਿ ਸ਼ਿਵ ਕੁਮਾਰ ਦੀ ਜ਼ਿੰਦਗੀ ਦਾ ਹਰ ਵਰਕਾ ਰਵਾਇਤੀ ਬੰਧਨਾਂ ਤੋਂ ਮੁਕਤ ਸੀ। ਉਹ ਰਿਸ਼ਤਿਆਂ ਨਾਤਿਆਂ ਅਤੇ ਸੰਬੰਧਾਂ ਦੀ ਪਾਕੀਜ਼ਗੀ ਤੋਂ ਵਾਕਿਫ ਹੁੰਦਾ ਹੋਇਆ ਵੀ ਸਾਰੇ ਬੰਧਨ ਤੋੜ ਦਿੰਦਾ। ਉਹ ਰਾਵੀ ਦਾ ਪੁੱਤਰ ਸੀ। ਉਸ ਨੂੰ ਦਰਿਆ ਦੇ ਅੱਥਰੇ ਵੇਗ ਦੀ ਗੁੜ੍ਹਤੀ ਸੀ।

ਸ਼ਿਵ ਬਾਰੇ ਗੱਲ ਕਰਦਿਆਂ ਹਰਭਜਨ ਬਾਜਵਾ ਦੱਸਦੇ ਹਨ ਕਿ ਜਦ ਕਵੀ ਦਰਬਾਰ ਲਗਦਾ ਤਾਂ ਸ਼ਿਵ ਕੁਮਾਰ ਨੂੰ ਉਦੋਂ ਹੀ ਕਵਿਤਾ ਬੋਲਣ ਲਈ ਆਖਿਆ ਜਾਂਦਾ ਜਦ ਕਵੀ ਦਰਬਾਰ ਸਮਾਪਤ ਹੋਣਾ ਹੋਵੇ, ਕਿਉਂਕਿ ਜੇਕਰ ਸ਼ਿਵ ਪਹਿਲਾਂ ਕਵਿਤਾ ਸੁਣਾ ਦਿੰਦਾ ਤਾਂ ਬਾਅਦ ਵਿੱਚ ਚਾਹੇ ਅੰਮ੍ਰਿਤਾ ਪ੍ਰੀਤਮ, ਮੋਹਨ ਸਿੰਘ ਕਵਿਤਾ ਗਾਉਣ ਪਰ ਸ਼ਿਵ ਦੀ ਕਵਿਤਾ ਅੱਗੇ ਉਨ੍ਹਾਂ ਦਾ ਰੰਗ ਫਿੱਕਾ ਪੈ ਜਾਂਦਾ। ਸ਼ਿਵ ਕੁਮਾਰ ਦੀ ਕਵੀ ਦਰਬਾਰ 'ਚ ਸਰਦਾਰੀ ਹੁੰਦੀ ਸੀ।

ਸਾਹਿਤਕ ਰਚਨਾਵਾਂ:- ਪੀੜਾ ਦਾ ਪਰਾਗਾ, ਲਾਜਵੰਤੀ, ਆਟੇ ਦੀਆਂ ਚਿੜੀਆਂ, ਮੈਨੂੰ ਵਿਦਾ ਕਰੋ, ਦਰਦਮੰਦਾਂ ਦੀਆਂ ਆਹੀਂ, ਬਿਰਹਾ ਤੂੰ ਸੁਲਤਾਨ, ਲੂਣਾ, ਮੈਂ ਤੇ ਮੈਨੂੰ, ਆਰਤੀ, ਬਿਰਹੜਾ ਆਦਿ ਉਸ ਦੀਆਂ ਮਹੱਤਵਪੂਰਨ ਕਾਵਿ ਪੁਸਤਕਾਂ ਹਨ। ਅਲਵਿਦਾ ਅਤੇ ਅਸਾਂ ਤਾਂ ਜੋਬਨ ਰੁੱਤੇ ਮਰਨਾ ਉਸ ਦੇ ਸੰਪਾਦਿਤ ਕਾਵਿ-ਸੰਗ੍ਰਹਿ ਹਨ।

ਸਿ?ਵ ਦੀ ਗੱਲ ਕਰਦਿਆਂ ਉਹਦੇ ਲਿਖੇ ਰੇਖਾ ਚਿੱਤਰਾਂ ਬਾਰੇ ਵੀ ਸਾਂਝ ਬਣਾਉਣੀ ਜਰੂਰੀ ਹੈ। ਸਿ?ਵ ਸ.ਸ. ਮੀਸ਼ਾ ਨੂੰ ਚਿਤਰਦਿਆਂ ਉਸ ਦੇ ਮੁਹਾਂਦਰੇ ਨੂੰ "ਮੀਸਣੀ ਮੁਸਕਾਨ" ਦਾ ਨਾਂ ਦਿੰਦਾ ਹੈ। ਅਜੀਤ ਕੌਰ ਨੂੰ "ਉਦਾਸ ਲਾਲਟੈਣ" ਦੱਸਦਾ ਹੈ ਅਤੇ ਮੋਹਨ ਭੰਡਾਰੀ ਨੂੰ ਬਹੁਤਾ ਗਰੀਬੜਾ ਜਿਹਾ ਪੇਸ਼ ਕਰਦਿਆਂ ਉਸ ਨੂੰ "ਫੁਲਬਹਿਰੀ ਵਾਲੇ ਹੱਥ" ਆਖਦਾ ਹੈ। ਸੱਜਣ ਦੱਸਦੇ ਨੇ ਕਿ ਸ਼ਿਵ ਕੁਮਾਰ ਨੂੰ ਭੰਡਾਰੀ ਵਾਲੇ ਰੇਖਾ ਚਿੱਤਰ ਬਾਰੇ ਆਖਰੀ ਵੇਲੇ ਤੀਕ ਪਛਤਾਵਾ ਰਿਹਾ ਕਿ ਮੈਂ ਉਸ ਨਾਲ ਧੱਕਾ ਕੀਤਾ ਹੈ।

1972 'ਚ ਉਹ ਡਾ.ਗੋਪਾਲਪੁਰ ਤੇ ਸ਼੍ਰੀਮਤੀ ਕੈਲਾਸ਼ਪੁਰੀ ਦੇ ਸੱਦੇ 'ਤੇ ਸਿ?ਵ ਇੰਗਲੈਂਡ ਗਿਆ। ਜਦੋਂ ਉਹ ਇੰਗਲੈਂਡ ਪਹੁੰਚਿਆ ਤਾਂ ਉਸ ਦੀ ਆਮਦ ਅਖ਼ਬਾਰਾਂ ਦੀਆਂ ਸੁਰਖ਼ੀਆਂ ਬਣੀ। ਉਸ ਦੇ ਮਾਣ 'ਚ ਸਥਾਨਕ ਪੰਜਾਬੀ ਲੇਖਕਾਂ ਅਤੇ ਉਸ ਦੇ ਚਾਹੁਣ ਵਾਲਿਆਂ ਵੱਲੋਂ ਕਈ ਪਾਰਟੀਆਂ ਦਿੱਤੀਆਂ ਗਈਆਂ। ਇੰਗਲੈਂਡ 'ਚ ਉਸ ਦੀਆਂ ਗਤੀਵਿਧੀਆਂ ਭਾਰਤੀ ਮੀਡੀਆ ਅਤੇ ਬੀ.ਬੀ.ਸੀ. ਦੀਆਂ ਖ਼ਬਰਾਂ ਵੀ ਬਣਦੀਆਂ ਰਹੀਆਂ। ਜਦੋਂ ਸ਼ਿਵ ਇੰਗਲੈਂਡ ਤੋਂ ਸਤੰਬਰ 1972 'ਚ ਵਾਪਸ ਆਇਆ, ਉਸ ਦੀ ਸਿਹਤ ਵਿਗੜਦੀ ਚਲੀ ਗਈ। ਇੰਗਲੈਂਡ ਵਾਪਸੀ ਤੋਂ ਕੁੱਝ ਮਹੀਨਿਆਂ ਬਾਅਦ ਹੀ ਉਸ ਦੀ ਸਿਹਤ ਬਹੁਤ ਜ਼ਿਆਦਾ ਵਿਗੜ ਗਈ। ਅਖੀਰ 6 ਮਈ 1973 ਨੂੰ ਇਹ ਬਿਰਹਾ ਦਾ ਕਵੀ ਹਮੇਸਾਂ ਲਈ ਆਪਣੇ ਚਾਹੁਣ ਵਾਲਿਆਂ ਨੂੰ ਵਿਦਾ ਕਹਿ ਗਿਆ।

ਮਾਂ ਬਿਨਾਂ ਵੀ ਕੋਈ ਦਿਨ ਹੁੰਦਾਂ ?

ਇੱਕ ਅੱਖਰ ਇੱਕ ਲਗ ਤੇ ਇੱਕ ਲਗਾਖਰ ਨੂੰ ਵਰਤਦਿਆਂ ਜੇ ਦੁਨੀਆਂ 'ਤੇ ਸਭ ਤੋਂ ਖੂਬਸੂਰਤ, ਸਭ ਤੋਂ ਨਿੱਕਾ ਸਬਦ, ਸਭ ਤੋਂ ਪਿਆਰੇ ਅਹਿਸਾਸ ਦੇ ਰੂਪ 'ਚ ਲਿਖਣਾ ਹੋਵੇ ਤਾਂ ਉਹ ਮਾਂ (ਮੱਮੇ ਕੰਨਾ ਤੇ ਉੱਤੇ ਬਿੰਦੀ) ਹੀ ਹੈ। ਪੂਰੀ ਦੁਨੀਆਂ ਵਿੱਚ ਮਈ ਮਹੀਨੇ ਦਾ ਦੂਜਾ ਹਫਤਾ "ਮਾਂ-ਦਿਵਸ" ਨੂੰ ਸਮਰਪਿਤ ਹੁੰਦਾ ਹੈ। ਪੂਰੀ ਦੁਨੀਆਂ ਨੂੰ ਇੱਕ ਪਾਸੇ ਰੱਖਕੇ ਜਦੋਂ ਅਸੀਂ ਆਪਣੇ ਪੰਜਾਬ ਦੀ ਧਰਤੀ ਦੇ ਵਸਿੰਦੇ ਹੋਣ ਦਾ ਮਾਣ ਮਹਿਸੂਸ ਕਰਦੇ ਹਾਂ ਤਾਂ ਸਾਡੇ ਮਨ 'ਚ ਇਹੀ ਖਿਆਲ ਆਉਂਦਾ ਕਿ ਮਾਂ ਦਾ ਇੱਕ ਦਿਨ ਹੁੰਦਾਂ ? ਜਾਂ ਮਾਂ ਬਿਨਾਂ ਵੀ ਕੋਈ ਦਿਨ ਹੁੰਦਾਂ ? ਦੁਨੀਆਂ 'ਤੇ ਕਿਸੇ ਵੀ ਇਨਸਾਨ ਨੂੰ ਉਹਦੇ ਆਪਣੇ-ਆਪ ਨਾਲੋਂ ਵੀ ਜੇ ਕੋਈ ਵੱਧ ਜਾਣਦਾ ਤਾਂ ਉਹ ਮਾਂ ਹੀ ਹੁੰਦੀ ਹੈ। ਬਾਕੀ ਦੁਨੀਆਵੀ ਰਿਸਤਿਆਂ ਨਾਲ ਇਨਸਾਨ ਦੀ ਸਾਂਝ ਜਨਮ ਲੈਣ ਤੋਂ ਬਾਅਦ ਕੁੱਝ ਸਾਲਾਂ ਬਾਅਦ ਹੌਲੀ-ਹੌਲੀ ਬਣਨੀ ਸੁਰੂ ਹੁੰਦੀ ਹੈ ਪਰ ਬੱਚੇ ਦੀ ਮਾਂ ਨਾਲ ਸਾਂਝ ਕੁਦਰਤ ਵੱਲੋਂ ਕੁੱਖ ਵਿੱਚ ਹੀ ਬਣਨੀ ਤੈਅ ਹੁੰਦੀਂ ਹੈ। ਇਹੀ ਤਾਂ ਫਰਕ ਹੈ, ਇਸੇ ਸਾਂਝ ਨੇ ਹੀ ਤਾਂ ਮਾਂਵਾਂ ਤੇ ਬੱਚਿਆਂ ਦਾ ਮੋਹ ਬਣਾਈ ਰੱਖਣਾ। ਅੱਜ ਇੱਥੇ ਬੇਸੱਕ ਅਸੀਂ ਦੁਨੀਆਂ ਦੀ ਭੀੜ ਵਿੱਚ ਲੱਗੀ ਹੋਈ ਦੌੜ ਨਾਲ ਇਹ ਦਿਹਾੜੇ ਮਨਾਉਣ ਦੀਆਂ ਰਵਾਇਤਾਂ ਨਿਭਾਉਣ ਦੀਆਂ ਕੋਸਸਾਂ ਕਰ ਰਹੇ ਹਾਂ ਪਰ ਇੱਥੇ ਇਹ ਵਿਚਾਰਨ ਦੀ ਵੀ ਲੋੜ ਹੈ ਕਿਤੇ ਸਾਡੇ ਇਹ ਮੋਹ ਮਮਤਾ ਦੇ ਰਿਸਤੇ ਦਿਖਾਵਿਆਂ ਦੇ "ਸੋ-ਪੀਸ" ਤਾਂ ਨਹੀਂ ਬਣ ਰਹੇ ? ਹੁਣ ਧਿਆਨ ਨਾਲ ਆਪਣੇ ਆਲੇ-ਦੁਆਲੇ ਦੇਖੋ, ਆਪਣੇ ਪਰਿਵਾਰ 'ਚ ਦੇਖੋ, ਕਿਤੇ ਇੱਕ ਪਰਿਵਾਰ ਦੇ ਸਾਰੇ ਪਰਿਵਾਰਕ ਮੈਂਬਰ ਇੱਕ ਦੂਜੇ ਵੱਲੋਂ ਮੂੰਹ ਘੁੰਮਾ ਕੇ ਵੱਖੋ-ਵੱਖਰੇ ਕਮਰਿਆਂ 'ਚ ਬੈਠੇ ਸਿਰਫ ਸੋਸਲ ਮੀਡੀਆ 'ਤੇ ਹੀ ਮਾਂ-ਦਿਵਸ ਤਾਂ ਨਹੀਂ ਮਨਾ ਰਹੇ ? ਅਸਲ 'ਚ ਸਾਡਾ ਮੋਹ ਕਿੱਥੇ ਨਿਭਾਇਆ ਜਾ ਰਿਹਾ ? ਕਿਤੇ ਘਰਾਂ ਤੇ ਜਮੀਨਾਂ ਦੀ ਵੰਡ ਕਰਦਿਆਂ ਕਿਸੇ ਧੀ-ਪੁੱਤ ਦੇ ਹਿੱਸੇ ਨਾ ਆਈਆਂ ਸਾਡੀਆਂ ਮਾਂਵਾਂ ਬਿਰਧ ਆਸਰਮਾਂ 'ਚ ਤਾਂ ਨਹੀਂ ਰੁਲ ਰਹੀਆਂ ? ਕਿਤੇ ਮਿੱਟੀ 'ਚ ਖੇਡਕੇ ਲਿੱਬੜ ਕੇ ਆਏ ਨਿਆਣਿਆਂ 'ਤੇ ਮਾਂਵਾਂ ਖਿਝ ਤਾਂ ਨਹੀਂ ਰਹੀਆਂ ? ਕਿਤੇ ਆਪਣੇ ਨਿੱਕੇ ਨਿਆਣਿਆਂ ਨੂੰ ਰੋਂਦਿਆਂ ਵਰਾਉਣ ਲਈ ਮਾਂਵਾਂ ਮੋਬਾਇਲ ਫੋਨਾਂ ਦੇ ਸਹਾਰੇ ਆਪਣੀਆਂ ਜ਼ੁੰਮੇਵਾਰੀਆਂ ਤੋਂ ਤਾਂ ਨੀ ਸੁਰਖੁਰੂ ਹੋ ਰਹੀਆਂ ? ਅੱਜ ਜੇ ਵਿਸਵ ਵਿੱਚ ਮਾਂ-ਦਿਵਸ ਮਨਾ ਕੇ ਮਾਂ ਦੀ ਮਮਤਾ ਲਈ ਮੋਹ ਜਤਾਇਆ ਜਾ ਰਿਹਾ ਤਾਂ ਬਹੁਤ ਕੁਝ ਸਾਨੂੰ ਸਮਝਣ ਦੀ ਲੋੜ ਹੈ। ਸਾਡੀਆਂ ਮਾਂਵਾਂ ਨੂੰ ਆਪਣੇ ਇਤਿਹਾਸ ਦੇ ਸੁਨਹਿਰੀ ਪੰਨਿਆਂ ਤੋਂ ਮਾਤਾ ਤ੍ਰਿਪਤਾ, ਮਾਤਾ ਖੀਵੀ, ਮਾਤਾ ਭਾਨੀ, ਮਾਤਾ ਨਾਨਕੀ, ਮਾਤਾ ਗੁਜਰੀ, ਮਾਤਾ ਸੁੰਦਰੀ, ਭਾਈ ਭਾਗੋ, ਰਾਜਕੁਮਾਰੀ ਸੋਫੀਆ ਦਲੀਪ ਸਿੰਘ ਤੇ ਤੇ ਬੀਬੀ ਗੁਲਾਬ ਕੌਰ ਵਰਗੀਆਂ ਮਹਾਨ ਮਾਂਵਾਂ ਦੀਆਂ ਸਖਸੀਅਤਾਂ ਤੋਂ ਪ੍ਰੇਰਨਾ ਲੈਣ ਦੀ ਲੋੜ ਹੈ। ਉੱਥੇ ਨਾਲ ਹੀ ਸਾਡੀ ਪੀੜ੍ਹੀ ਦੇ ਧੀਆਂ-ਪੁੱਤਰਾਂ ਨੂੰ ਇਹਨਾਂ ਮਹਾਨ ਮਾਂਵਾਂ ਦੇ ਧੀਆਂ-ਪੁੱਤਰਾਂ ਹੋਣ ਦਾ ਫਰਜ ਨਿਭਾਉਣ ਦੀ ਜਾਚ ਸਿੱਖਕੇ ਇੱਕੀਵੀਂ ਸਦੀ ਵਿੱਚ "ਪੂਰਨ" ਤੇ "ਸਰਵਣ" ਨੂੰ ਜਿਉਂਦੇ ਰੱਖਣ ਦੀ ਵੀ ਲੋੜ ਹੈ।

ਰਾਮ,ਅੱਲ੍ਹਾ,ਰੌਂਡ,ਵਾਹਿਗੁਰੂ,
ਸਭ ਆਪੋ ਆਪਣੀ ਥਾਂ,
ਸਭ ਨੂੰ ਇੱਕੋਂ ਥਾਂ ਜੇ ਦੇਖਣਾ, ਸੱਜਣਾ ਕਹਿ ਦੇਈਂ ਮੂੰਹੋਂ "ਮਾਂ" ।

ਮਾਂ-ਦਿਵਸ ਤੇ ਇਹਨਾਂ ਵਿਚਾਰਾਂ ਨੂੰ ਪੜ੍ਹਦਿਆਂ ਤੁਸੀਂ ਆਪਣੇ ਘਰ ਵਿੱਚ ਬੈਠੇ-ਬੈਠੇ ਮੰਮੀ, ਮੰਮਾ, ਮੌਮ ਸਬਦ ਦੀ ਥਾਂ ਆਪਣੀ ਮਾਂ ਨੂੰ ਇੱਕ ਵਾਰ ਉੱਚੀ ਦੇਣੇ ਮਾਂ ਕਹਿਕੇ ਅਵਾਜ ਤਾਂ ਦੇਣਾ ਸੱਚੀਂ ! ਤੁਹਾਡੀ ਮਾਂ ਲਈ ਜਿ?ਦਗੀ ਦਾ ਇਹ ਸਭ ਤੋਂ ਖੂਬਸੂਰਤ ਪਲ ਹੋਵੇਗਾ। ਸਾਡੇ ਪੰਜਾਬ ਦੀ ਧਰਤੀ ਹਿੱਸੇ ਅੰਮੀ, ਅੰਮੜੀ, ਅੰਮਾਂ, ਅੰਬੋ, ਮਾਂ, ਬੀਬੀ, ਬੇਬੇ, ਝਾਈ ਅਤੇ ਮਾਤਾ ਵਰਗੇ "ਮਾਘੀ ਦੀ ਸੁੱਚੜੀ ਸੰਗਰਾਂਦ" ਵਰਗੇ ਸਬਦ ਆਏ ਹਨ। ਇਹੋ ਸਾਡੀ ਖੁਸਕਿਸਮਤੀ ਹੈ। ਇਹੋ ਸਾਡੀਆਂ ਮਾਂਵਾਂ ਦੀਆਂ ਸਿਖਾਈਆਂ ਬੋਲੀਆਂ ਦੀ ਅਮੀਰੀ ਹੈ। ਆਓ ਅੱਜ ਵਾਅਦਾ ਕਰੀਏ ਕਿ ਇਸੇ ਮਾਂ-ਬੋਲੀ ਦੀ ਅਮੀਰੀ ਨਾਲ ਅਸੀਂ ਆਪਣੀਆਂ ਮਾਂਵਾਂ ਦੀ ਮਮਤਾ ਤੇ ਮੋਹ ਨੂੰ ਹਮੇਸਾ ਲਈ ਜਿਉਂਦੇ ਰੱ

ਕਹਾਣੀ : ਰਾਜੂ ਬਾਲਮ

ਬਲਵਿੰਦਰ ਬਾਲਮ ਗੁਰਦਾਸਪੁਰ
ਮੋ. 98156-25409

ਰਾਜੂ ਇਕ ਸਾਲ ਦਾ ਸੀ ਜਦੋਂ ਉਸ ਨੂੰ ਉਸ ਦੇ ਮਾਂ-ਬਾਪ ਨੇ ਉਸ ਦੇ ਮਾਮੇ ਨੂੰ ਗੋਦ ਦੇ ਦਿੱਤਾ ਸੀ। ਉਸ ਦੇ ਮਾਮੇ ਘਰ ਕੋਈ ਔਲਾਦ ਨਹੀਂ ਸੀ ਅਤੇ ਭਵਿਖ ਵਿਚ ਔਲਾਦ ਹੋਣ ਦੀ ਕੋਈ ਸੰਭਾਵਨਾ ਵੀ ਨਹੀਂ ਸੀ।

ਰਾਜੂ ਅਪਣੇ ਪਰਿਵਾਰ ਸਹਿਤ ਜਾਲੰਧਰ ਸ਼ਹਿਰ ਵਿਚ ਰਹਿੰਦੇ ਸਨ। ਉਸ ਦਾ ਮਾਤਾ ਐਡਮੰਟਨ, ਕਨੇਡਾ ਵਿਖੇ ਰਹਿੰਦਾ ਸੀ। ਰਾਜੂ ਨੂੰ ਉਸ ਦੇ ਮਾਮਾ-ਮਾਮੀ ਐਡਮੰਟਨ ਲੈ ਗਏ ਸੀ। ਉਹ ਮਾਮਾ-ਮਾਮੀ ਕੋਲ ਹੀ ਰਹਿੰਦਾ ਅਤੇ ਐਡਮੰਟਨ ਦੇ ਇਕ ਸਕੂਲ ਵਿਚ ਪੜ੍ਹਦਾ ਸੀ। ਉਹ ਮਾਮਾ-ਮਾਮੀ ਨੂੰ ਹੀ ਅਪਣਾ ਅਸਲੀ ਮਾਂ-ਬਾਪ ਸਮਝਦਾ ਸੀ। ਉਸ ਨੂੰ ਅਪਣੇ ਅਸਲੀ ਮਾਂ-ਬਾਪ ਦਾ ਪਤਾ ਨਹੀਂ ਸੀ। ਕਿਉਂਕਿ ਕੱਚੀ ਉਮਰ ਦੀ ਕੱਚੀ ਮਿੱਟੀ ਜਿਵੇਂ ਚਾਹੋ ਢਲ ਜਾਂਦੀ ਹੈ। ਹੋਸ਼ ਸੰਭਾਲਣ ਤੋਂ ਪਹਿਲਾਂ ਹੀ ਜੇ ਛੋਟੇ ਬੱਚੇ ਨੂੰ ਗੋਦ ਦੇ ਦਿੱਤਾ ਜਾਵੇ ਤਾਂ ਕੁਦਰਤੀ ਗੱਲ ਹੈ ਅਸਲੀਅਤ ਸਾਹਮਣੇ ਨਹੀਂ ਆਉਂਦੀ। ਬੱਚਾ ਗੋਦ ਲੈਣ ਵਾਲੇ ਮਾਂ-ਬਾਪ ਨੂੰ ਹੀ ਅਸਲੀ ਮਾਂ-ਬਾਪ ਸਮਝਦਾ ਹੈ। ਇਹ ਮਨੋਵਿਗਿਆਨਕ ਤੱਥ ਹੈ।

ਜਦੋਂ ਰਾਜੂ ਬਾਰ੍ਹਾਂ ਕੁ ਸਾਲਾਂ ਦਾ ਹੋਇਆ ਤਾਂ ਉਹ ਜਾਲੰਧਰ (ਪੰਜਾਬ) ਵਿਖੇ ਇਕ ਰਿਸ਼ਤੇਦਾਰ ਦੇ ਵਿਆਹ ਸਮਾਗਮ ਵਿਚ ਸ਼ਾਮਿਲ ਹੋਣ ਲਈ ਅਪਣੇ ਮਾਂ-ਬਾਪ (ਮਾਮਾ-ਮਾਮੀ) ਨਾਲ ਆਇਆ। ਲਗਭਗ ਇੱਕ ਮਹੀਨਾ ਉਹਨ੍ਹਾਂ ਨੇ ਪੰਜਾਬ ਰਹਿਣਾ ਸੀ।

ਰਾਜੂ ਨੂੰ ਕਿਸੇ ਰਿਸ਼ਤੇਦਾਰ ਨੇ ਦੱਸ ਦਿੱਤਾ, ਕਿ ਉਸ ਦੇ ਅਸਲੀ ਮਾਂ-ਬਾਪ ਕੌਣ ਹਨ? ਕਿਸੇ ਰਿਸ਼ਤੇਦਾਰ ਨੇ ਸਾਰੀ ਅਸਲੀਅਤ ਦੱਸ ਦਿੱਤੀ। ਰਾਜ ਦੇ ਮਨ ਤੇ ਗਹਿਰਾ ਅਸਰ ਹੋਇਆ। ਉਸ ਦਾ ਦਿਮਾਗ ਇਕਦਮ ਬੌਂਦਲ ਗਿਆ। ਜਿਵੇਂ ਉਸ ਦੀਆਂ ਅੱਖਾਂ ਅੰਗੇ ਕੋਈ ਤੇਜ਼ ਨੇਗ੍ਹੀ ਲੰਘ ਰਹੀ ਹੋਵੇ। ਜਿਵੇਂ ਉਸ ਦੇ ਦਿਮਾਗ਼ ਵਿਚ ਕੋਈ ਜਵਾਰ ਭਾਟਾ ਫੁੱਟਣ ਵਾਲਾ ਹੋਵੇ। ਜਿਵੇਂ ਕਿਸੇ ਨੇ ਖ਼ੂਬਸੂਰਤ ਸਾਬਤ ਸਬੂਤੇ ਮਜਬੂਤ ਸ਼ੀਸ਼ੇ ਤੇ ਲੱਖਾਂ ਹੀ ਪੱਥਰ ਮਾਰ ਦਿੱਤੇ ਹੋਣ।

ਉਹ ਹਿੰਮਤ ਕਰਕੇ ਅਪਣੇ ਅਸਲੀ ਮਾਂ-ਬਾਪ ਨੂੰ ਮਿਲਿਆ ਅਤੇ ਅਪਣੀ ਮਾਂ ਨੂੰ ਕੁਰਲਾਂਦੀ ਤਰਸਮਈ ਆਵਾਜ਼ ਵਿਚ ਕਹਿਣ ਲੱਗਾ, ਮੈਨੂੰ ਪਤਾ ਲੱਗ ਗਿਆ ਹੈ ਕਿ ਤੁਸੀਂ ਮੇਰੇ ਅਸਲੀ ਮਾਂ-ਬਾਪ ਹੋ। ਕੀ ਤੁਸੀਂ ਮੈਨੂੰ ਅਪਣੇ ਕੋਲ ਨਹੀਂ ਰੱਖ ਸਕਦੇ ਸੀ? ਤੁਸੀਂ ਮੈਨੂੰ ਮਾਮੇ-ਮਾਮੀ ਨੂੰ ਕਿਉਂ ਦਿੱਤਾ? ਮੇਰਾ ਕੀ ਕਸੂਰ ਏ? ਉਸ ਦੇ ਮਾਂ-ਬਾਪ ਨੇ ਬਹੁਤ ਸਮਝਾਇਆ ਕਿ ਰਾਜੂ ਬੇਟਾ ਹੁਣ ਤੇਰੇ ਮਾਂ-ਬਾਪ ਉਹ ਹੀ ਹਨ। ਤੈਨੂੰ ਛੋਟੇ ਹੁੰਦੇ ਨੂੰ ਗੋਦ ਦੇ ਦਿੱਤਾ ਸੀ। ਕਿਉਂਕਿ ਮੇਰੇ ਮਾਤਾ ਮਾਮੀ ਦੇ ਡਾਕਟਰੀ ਮਸ਼ਵਰੇ ਦੇ ਮੁਤਾਬਿਕ ਔਲਾਦ ਨਹੀਂ ਸੀ ਹੋ ਸਕਦੀ। ਅਸੀਂ ਉਹਨ੍ਹਾਂ ਦੀ ਖੁਸ਼ਹਾਲੀ ਕਰਕੇ, ਔਲਾਦ ਦੇ ਮੋਹ ਕਰਕੇ ਤੈਨੂੰ ਗੋਦ ਦੇ ਦਿੱਤਾ ਸੀ। ਨਾਲੇ ਉਹ ਵਧੀਆ ਸ਼ਹਿਰ ਵਿਚ ਕਨੇਡਾ ਰਹਿੰਦਾ ਸੀ। ਸਾਡੇ ਨਾਲੋਂ ਜ਼ਿਆਦਾ ਅਮਰੀ ਅਤੇ ਸੁੱਖ ਸਹੂਲਤਾਂ ਵਾਲੇ ਹਨ ਤਾਂ ਕਿ ਤੇਰੀ ਜ਼ਿੰਦਗੀ ਵਧੀਆ ਬਣੇ। ਲੋਕ ਤਾਂ ਕਨੇਡਾ ਜਾਣ ਨੂੰ ਤਰਸਦੇ ਹਨ। ਇਸ ਵਿਚ ਤੇਰੀ ਹੀ ਬਿਹਤਰੀ ਸੀ ਬੇਟਾ।

ਰਾਜੂ ਮਾਂ-ਬਾਪ ਦੇ ਜਵਾਬਾਂ ਤੋਂ ਸਤੁੰਸ਼ਟ ਨਾ ਹੋਇਆ। ਜਿਵੇਂ ਉਹਨਾਂ ਨੇ ਉਸ ਨਾਲ ਕੋਈ ਬੇਇੰਨਸਾਫ਼ੀ ਕੀਤੀ ਹੋਵੇ। ਜਿਵੇਂ ਵਾਧੂ ਜਿਹੀ ਚੀਜ਼ ਸਮਝ ਕੇ ਕਿਸੇ ਨੂੰ ਦੇ ਦਿੱਤੀ ਹੋਵੇ।

ਰਾਜੂ ਦਾ ਇਕ ਭਰਾ ਅਤੇ ਇਕ ਭੈਣ ਹੋਰ ਵੀ ਸੀ। ਉਹ ਉਨ੍ਹਾਂ ਨੂੰ ਵੀ ਮਿਲਿਆ ਪਰ ਰਾਜੂ ਦੇ ਮਨ-ਦਿਮਾਗ ਦੀ ਸਤੁੰਸ਼ਟੀ ਭਟਕਣ ਵਿਚ ਡਾਵਾਂਡੋਲ ਹੋ ਗਈ ਪਰ ਰਾਜੂ ਹੁਣ ਕੀ ਕਰ ਸਕਦਾ ਸੀ? ਪਰ ਉਹ ਆਪਣੇ ਅਸਲੀ ਮਾਂ-ਬਾਪ ਨਾਲ ਰਹਿਣਾ ਚਾਹੁੰਦਾ ਸੀ।

ਰਾਜੂ ਦੇ ਦਿਲ-ਦਿਮਾਗ ਉਪਰ ਉਦਾਸੀ ਛਾਂ ਗਈ, ਉਸ ਦੀ ਸੋਚ ਵਿਲਕ-ਵਿਲਕ ਤਿੜਕ ਗਈ। ਦਿਮਾਗ ਵਿਚ ਕਿਸੇ ਨੇ ਜਿਵੇਂ ਕਿਲ ਠੋਕ ਦਿੱਤੇ ਹੋਣ। ਉਸ ਨੂੰ ਅਪਣੇ ਅਸਲੀ ਮਾਤਾ-ਪਿਤਾ ਪ੍ਰਤੀ ਸਖ਼ਤ ਘ੍ਰਿਣਾ ਹੋ ਗਈ।

ਲਗਭਗ ਮਹੀਨ ਦੇ ਬਾਅਦ ਉਹ ਅਪਣੇ ਨਕਲੀ ਮਾਂ ਬਾਪ (ਮਾਮਾ-ਮਾਮੀ) ਨਾਲ ਫ਼ਿਰ ਵਾਪਿਸ ਐਡਮੰਟਨ, ਕਨੇਡਾ ਆ ਗਿਆ। ਉਸ ਦੇ ਮਾਮਾ-ਮਾਮੀ ਨੂੰ ਵੀ ਪਤਾ ਚਲ ਗਿਆ ਸੀ ਕਿ ਰਾਜੂ ਨੂੰ ਅਸਲੀਅਤ ਦਾ ਪਤਾ ਲੱਗ ਗਿਆ ਹੈ।

ਰਾਜੂ ਇਕ ਦਿਨ ਸਕੂਲ ਗਿਆ ਤੇ ਮੁੜ ਵਾਪਿਸ ਨਾ ਆਇਆ। ਉਸ ਦੀ ਤਲਾਸ਼ ਵਿਚ ਕਈ ਇਸ਼ਤਿਹਾਰ ਕਢਵਾਏ ਗਏ। ਜਾਲੰਧਰ ਉਸ ਦੇ ਮਾਂ-ਬਾਪ ਨੂੰ ਸੂਚਿਤ ਕਰ ਦਿੱਤਾ ਗਿਆ ਕਿ ਰਾਜੂ ਕਈ ਦਿਨਾਂ ਤੋਂ ਨਹੀਂ ਮਿਲ ਰਿਹਾ।

ਰਾਜੂ ਦੇ ਅਸਲੀ ਮਾਂ-ਬਾਪ ਅਤੇ ਭੈਣ-ਭਰਾ ਬਹੁਤ ਪਰੇਸ਼ਾਨ ਹੋ ਗਏ। ਉਸ ਦੀ ਮਾਂ ਦਾ ਕਲੇਜਾ ਤਾਂ ਮੂੰਹ ਨੂੰ ਆਵੇ। ਉਹ ਸਭ ਬਹੁਤ ਰੋਏ। ਸਾਰਾ ਪਰਿਵਾਰ ਪਸ਼ਚਾਤਾਪ ਦੀ ਅਗਨੀ ਵਿਚ ਝੁਲਸਣ ਲੱਗਾ। ਉਹ ਹੁਣ ਸੋਚਦੇ ਕਿ ਜੇ ਰਾਜੂ ਸਾਡੇ ਕੋਲ ਰਹਿਣਾ ਚਾਹੁੰਦਾ ਸੀ ਤਾਂ ਉਸ ਦੀ ਗੱਲ ਮੰਨ ਲੈਣੀ ਚਾਹੀਦੀ ਸੀ। ਪਰ ਹੁਣ ਹੱਥੋਂ ਤੀਰ ਨਿਕਲ ਚੁਕਾ ਸੀ। ਇਕ ਪਛਤਾਵੇ ਦੀ ਅਗਨੀ ਦਿਨ ਰਾਤ ਲੂਹਦੀ ਰਵੇਗੀ।

ਇਸ ਤਰ੍ਹਾਂ ਕਈ ਸਾਲ ਨਿਕਲ ਗਏ ਪਰ ਰਾਜੂ ਦਾ ਕੋਈ ਥਹੁ ਪਤਾ ਨਾ ਲੱਗਾ। ਹੁਣ ਉਨ੍ਹਾਂ ਨੇ ਰਾਜੂ ਦੇ ਆਉਣ ਦੀ ਉਮੀਦ ਲਾਹ ਸੁੱਟੀ ਸੀ। ਜਿਵੇਂ ਰਾਜੂ ਇਕ ਸੁਪਨ ਬਣ ਗਿਆ ਹੋਵੇ। ਪਰ ਮਾਂ-ਬਾਪ ਦੀਆਂ ਆਂਦਰਾ ਦਾ ਕੋਮਲ ਹਿੱਸਾ ਜਿਸਮ 'ਚੋਂ ਗੁੰਮ ਹੋ ਜਾਵੇ ਤਾਂ ਉਹ ਜਿਉਂਦੀ ਲਾਸ਼ ਵਰਗੇ ਹੀ ਹੋ ਜਾਂਦੇ ਹਨ। ਇਕ ਆਸ ਦਾ ਦੀਪਕ ਹਿਰਦੇ ਵਿਚ ਜਗਦਾ ਤਾਂ ਹੈ ਪਰ ਉਸ ਦੀ ਲੋਅ ਆਲਾ-ਦੁਆਲਾ ਸਾੜਦੀ ਰਹਿੰਦੀ ਹੈ। ਜੋ ਵੀ ਉਸ ਦੀਪਕ ਦੇ ਕੋਲ ਜਾਂਦਾ ਹੈ ਸੜਣ ਦੀਆਂ ਸੰਭਾਵਨਾ ਨੂੰ ਜਨਮ ਦਿੰਦਾ ਰਹਿਦਾ ਹੈ।

ਰਾਜੂ ਦਾ ਭਰਾ ਭੁਪਿੰਦਰ ਅਤੇ ਭੈਣ ਮਨਜੀਤ ਕੌਰ ਉਚ ਸਿਖਿਆ ਲੈ ਕੇ ਪੜ੍ਹ ਲਿਖ ਗਏ। ਅਤੇ ਉਹ ਪੀ.ਆਰ ਲੈ ਕੇ ਐਡਮੰਟਨ ਕਨੇਡਾ ਚਲੇ ਗਏ। ਐਡਮੰਟਨ ਵਿਖੇ ਕੁਝ ਸਾਲਾਂ ਬਾਅਦ ਉਨ੍ਹਾਂ ਨੇ ਚੰਗੀਆਂ ਨੌਕਰੀਆਂ ਹਾਸਿਲ ਕਰ ਲਈਆਂ ਅਤੇ ਅਪਣਾ ਇਕ ਖ਼ੂਬਸੂਰਤ ਘਰ ਵੀ ਲੈ ਲਿਆ।

ਲਗਭਗ 18 ਸਾਲ ਦੇ ਬਾਅਦ ਰਾਜੂ ਨੂੰ ਘਰ ਦੀ ਯਾਦ ਸਤਾਉਣ ਲੱਗੀ। ਉਸ ਨੂੰ ਅਪਣੇ ਅਸਲੀ ਮਾਂ-ਬਾਪ ਅਤੇ ਭੈਣ-ਭਰਾ ਦੀ ਯਾਦ ਘੁਣ ਵਾਂਗ ਖ਼ਾਣ ਲੱਗੀ।

ਰਾਜੂ ਹੁਣ ਜਵਾਨੀ ਦੀਆਂ ਖ਼ੂਬਸੂਰਤ ਰੰਗੀਨ ਭਾਵਨਾਵਾਂ ਨਾਲ ਮਾਲਾ ਮਾਲ ਸੀ। ਉਸ ਦਾ ਛੇ ਫੁੱਟ ਭਰਵਾਂ ਕੱਦ ਕਾਠ ਕਿਸੇ ਤੇਜ਼ਸਵੀ ਝਰਨੇ ਦੀ ਰਵਾਨੀ ਵਾਂਗ ਵਹਿਣ ਲੱਗਾ। ਭਰ ਜਵਾਨੀ ਵਾਲੇ ਸਾਰੇ ਦੈਹਿਕ-ਭੌਤਿਕ ਤੱਤ ਉਸ ਨੂੰ ਚੇਤਨਤਾ ਨੂੰ ਟੁੰਬਦੇ। ਲਲਕ, ਪਲਕ, ਉਮੰਗ, ਤਰੰਗ ਉਸ ਦੇ ਜਿਸਮ ਚੋਂ ਖ਼ੁਸ਼ਬੂ ਪੈਦਾ ਕਰਦੇ। ਉਸ ਦੀ ਸੋਚ ਸਤੁੰਲਿਤ ਅਤੇ ਦਲੇਰ ਸੰਭਾਵਨਾਂ ਦੀ ਰਾਹਨੁਮਈ ਕਰਦੀ। ਕੀ ਚੰਗਾ? ਕੀ ਮਾੜਾ? ਉਸ ਦੀ ਸੋਚ ਵਿਚ ਤੈਰਦਾ।

ਉਸ ਨੇ ਅਪਣੇ ਇਕ ਦੋਸਤ ਨੂੰ ਮਸ਼ਵਿਰਾ ਦੇਦਿਆਂ ਕਿਹਾ ਕਿ ਯਾਰ ਤੂੰ ਇੰਝ ਕਰ ਮੇਰਾ ਮਾਮਾ-ਮਾਮੀ ਐਡਮੰਟਨ 'ਚ ਟਾਮਾਰਾਕ ਵਿਖੇ ਰਹਿੰਦੇ ਹਨ। ਉਨ੍ਹਾਂ ਤੋਂ ਸਾਰਾ ਭੇਦ ਲਿਆ ਕਿ ਮੇਰੇ ਅਸਲੀ ਮੰਮੀ-ਡੈਡੀ ਕਿਥੇ ਰਹਿੰਦੇ ਹਨ? ਉਨ੍ਹਾਂ ਦਾ ਫ਼ੋਨ ਨੰਬਰ ਵੀ ਲੈ ਕੇ ਆਵੀਂ। ਇਹ ਉਸ ਦਾ ਦੋਸਤ ਐਡਮੰਟਨ ਇਕੱਠੇ ਖੇਡਦੇ ਹੁੰਦੇ ਸੀ। ਗਰਊਂਡ ਵਿਚ ਮਾਮਾ-ਮਾਮੀ ਦੇ ਨਾਲ ਉਸ ਦੋਸਤ ਨਾਲ ਇਕੱਠੇ ਸਾਈਕਲ ਚਲਾਉਂਦੇ ਹੁੰਦੇ ਸੀ। ਇਹ ਦੋਸਤ ਮਾਮਾ-ਮਾਮੀ ਨੂੰ ਚੰਗੀ ਤਰ੍ਹਾਂ ਜਾਣਦਾ ਸੀ ਅਤੇ ਰਾਜੂ ਨਾਲ ਉਨ੍ਹਾਂ ਦੇ ਘਰ ਵੀ ਆਉਂਦਾ-ਜਾਂਦਾ ਸੀ।

ਉਹ ਦੋਸਤ ਮਾਮਾ-ਮਾਮੀ ਦੇ ਘਰ ਚਲਿਆ ਗਿਆ ਪਰ ਰਾਜੂ ਬਾਰੇ ਨਾ ਦੱਸਿਆ। ਇਕ ਭੇਤੀ ਬਣ ਕੇ ਗਿਆ। ਉਸ ਦੋਸਤ ਨੇ ਮਾਮਾ-ਮਾਮੀ ਕੋਲ ਸਾਰੇ ਹਾਲਾਤ ਜਾਣ ਲਏ। ਸਾਰੀ ਜਾਣਕਾਰੀ-ਇਕੱਠੀ ਕਰ ਲਈ

ਉਸ ਦੋਸਤ ਨੇ ਰਾਜੂ ਨੂੰ ਆ ਕੇ ਦੱਸਿਆ "ਕਿ ਰਾਜੂ, ਤੇਰੇ ਮੰਮੀ ਡੈਡੀ ਅਜਕਲ ਜਾਲੰਧਰ ਨਹੀਂ, ਐਡਮੰਟਨ ਵਿਚ ਹੀ ਰਹਿੰਦੇ ਹਨ। ਉਨ੍ਹਾਂ ਦਾ ਅਪਣਾ ਘਰ ਹੈ। ਅਤੇ ਐਹ ਉਨ੍ਹਾਂ ਦਾ ਫੋਨ ਨੰਬਰ ਹੈ।"

ਰਾਜੂ ਦੀ ਮਿਲਣਦੀ ਤੜਪ ਹੋਰ ਵੱਧ ਗਈ। ਖ਼ੁਸ਼ੀ ਵਿਚ ਉਸ ਦਾ ਮਨ ਪੀਂਘ ਪੁਲਾਰੇ ਖਾਣ ਲੱਗਾ। ਉਸ ਨੇ ਹਿੰਮਤ ਕਰਕੇ ਫੋਨ ਕੀਤਾ", ਤਾਂ ਫੋਨ ਉਸ ਦੀ ਮਾਂ ਨੇ ਚੁੱਕਿਆ। ਰਾਜੂ ਨੇ ਆਵਾਜ਼ ਪਹਿਚਾਣ ਲਈ ਸੀ, ਉਹ ਆਵਾਜ ਉਸ ਦੀ ਮਾਂ ਦੀ ਹੀ ਸੀ।

ਰਾਜੂ ਨੇ ਹੌਲੀ ਜਿਹੀ ਰੋਆਂਸੀ ਥਿੜਕਦੀ ਆਵਾਜ਼ ਵਿਚ ਕਿਹਾ," ਮਾਂ !ਰਾਜੂ ਦੀ ਮਾਂ ਦੇ ਇਕਦਮ ਹੋਸ਼ ਸੰਭਲ ਗਏ। ਕੰਨ ਖੜੇ ਹੋ ਗਏ। ਜਿਵੇਂ ਇਸ ਸਰਗੋਸੀ ਵਿਚ ਉਸ ਦੀਆਂ ਆਂਦਰਾਂ ਦੀ ਤੜਪ ਹੋਵੇ। ਸਾਰੇ ਸਰੀਰ ਵਿਚ ਇਕ ਭੂਮੀਗਤ ਅਣਪਛਾਣੀ ਜਗਿਆਸਾ ਮਈ ਇੱਛਾ ਦੀ ਦਰਦ ਭਰੀ ਲਹਿਰ ਦੌੜ ਗਈ ਹੋਵੇ।

ਉਸ ਦੀ ਮਾਂ ਨੇ ਜਗਿਆਸਾ ਦੀ ਤੀਬਰਤਾ ਖੋਹਣ ਦੀ ਕੋਸ਼ਿਸ਼ ਕਰਦੇ ਹੋਏ ਕਿਹਾ, 'ਕੌਣ, ਬੇਟਾ ਤੁਸੀ ਕੌਮ ਬੋਲ ਰਹੇ ਹੋ? ਕਿਸ ਨੂੰ ਮਿਲਆ ਏ ਬੇਟਾ?"

ਮਾਂ ..ਮਾਂ ਮੈਂ .ਮੈਂ .ਰਾਜੂ ਬੋਲ ਰਿਹਾ ਹਾਂ।"

ਉਸ ਦੀ ਮਾਂ ਦੀ ਉੱਚੀ ਸਾਰੀ ਚੀਕ ਨਿਕਲ ਗਈ ਜਿਵੇਂ ਉਸ ਦੇ ਲਬਾ ਤੇ ਆਇਆ ਰਾਜੂ ਦਾ ਨਾਮ ਸੱਤ ਅਸਮਾਨ ਪਾਰ ਕਰ ਗਿਆ ਹੋਵੇ, ਇਕ ਗੂੰਜ ਸਤ ਸਮੁੰਦਰ ਚੀਰ ਗਈ। ਉਸ ਦੀ ਮਾਂ ਦੀਆਂ ਅੱਖਾਂ ਵਿਚੋਂ ਹੰਝੂ ਬਾਰਿਸ਼ ਵਾਂਗ ਟਪਕਣ ਲੱਗੇ। ਮੋਬਾਇਲ (ਰੀਸੀਵਰ) ਹੱਥਾਂ ਵਿਚ ਕੰਪਣਤਾ ਨੂੰ ਛੂਹ ਗਿਆ। ਸਮੁੰਦਰ ਦੀਆਂ ਕਈ ਲਹਿਰਾਂ ਜਿਸਮ ਚੋਂ ਆਰ-ਪਾਰ ਹੋ ਗਈਆਂ। ਜਿਵੇਂ ਸੂਰਜ ਚੰਦ ਸਿਤਾਰੇ ਇਕੱਠੇ ਚੜ੍ਹ ਗਏ ਹੋਣ। ਆਸਮਾਨ ਦਾ ਸਾਰਾ ਨਿਯਮ ਉਲਟ-ਪਲਟ ਹੋ ਗਿਆ ਹੋਵੇ ਜਿਵੇਂ ਸਾਰੀ ਧਰਤੀ ਉਸ ਦੀ ਹੋ ਗਈ ਹੋਵੇ। ਖ਼ੁਸ਼ੀ ਦੇ ਅਨੇਕਾਂ ਦੀਵੇ ਜਗਮਗਾ ਉੱਠੇ। ਉਸ ਨੇ ਰੁਆਂਸੀ ਆਵਾਜ਼ ਵਿਚ ਇਕ ਲਲਕ ਇਕ ਲਪਕ ਦੀ ਤੜਪ ਵਿਚ ਕਿਹਾ, "ਮੇਰੇ ਪਿਆਰੇ ਪੁੱਤਰ ਤੂੰ ਕਿੱਥੇ ਆਂ? ਮੇਰੇ ਸੋਹਣੇ ਲਾਲ, ਮੇਰੇ ਬੇਟੇ, ਮੇਰੇ ਪੁੱਤਰ, ਮੇਰੇ ਚੰਨ, ਆ ਮੈਨੂੰ ਘੁੱਟ ਕੇ ਜੱਫੀ ਵਿਚ ਲੈ-ਲੈ। ਮੇਰੇ ਪੁਤਰ ਮੇਰੇ ਲਾਡਲੇ, ਤੂੰ ਇੱਥੇ ਏ, ਮੇਰੇ ਲਾਲ? ਉਸ ਨੇ ਅੱਖਾਂ ਵਿਚ ਸੁਮੰਦਰ ਭਰਦੇ ਹੌਏ ਕਿਹਾ, " ਮਾਂ, ਮੈਨੂੰ ਤੁਹਾਡੇ ਬਾਰੇ ਸਾਰੀ ਜਾਣਕਾਰੀ ਮਿਲ ਗਈ ਹੈ। ਮੈਂ ਅਜਕਲ ਟਰਾਂਟੋ (ਕੈਨੇਡਾ) ਰਹਿੰਦਾ ਹਾਂ ਪਰ ਮੈਂ ਅਜਕਲ ਐਡਮੰਟਨ ਵਿਚ ਹੀ-ਹਾਂ। ਮੈਂ ਹੁਣ ਤੁਹਾਨੂੰ ਮਿਲਣ ਲਈ ਆਉਂਦਾ ਹਾਂ।

ਉਸ ਦਿਨ ਛੁੱਟੀ ਵਾਲਾ ਦਿਨ ਸੀ। ਉਸ ਦੀ ਮਾਂ ਨੇ ਸਾਰੇ ਪਰਿਵਾਰ ਨੂੰ ਖ਼ੁਸ਼ੀ ਵਿਚ ਮੂਧਿਆਂ ਹੁੰਦੇ ਹੋਏ ਦੱਸਿਆ ਕਿ ਮੇਰਾ ਬੇਟਾ ਰਾਜੂ ਆ ਰਿਹਾ ਹੈ। ਖ਼ੁਸ਼ੀ ਦਾ ਮਾਹੌਲ ਸਿਰ ਚੜ੍ਹ ਕੇ ਬੋਲਣ ਲੱਗਾ। ਜਿਵੇਂ ਖ਼ੁਸ਼ੀ ਦੇ ਅਸਮਾਨ 'ਚੋਂ ਸਾਰੇ ਤਾਰੇ ਉਨ੍ਹਾਂ ਦੀ ਝੋਲੀ ਵਿਚ ਆ ਡਿਗੇ ਹੋਣ ਤੇ ਸਾਂਭੇ ਨਾ ਜਾਂਦੇ ਹੋਣ।

ਸਾਰਾ ਪਰਿਵਾਰ ਘਰ ਦੇ ਬਾਹਰ ਖੜ੍ਹਾ ਹੋ ਗਿਆ। ਮਾਂ ਨੇ ਹੱਥਾਂ ਵਿਚ ਤੇਲ ਚੋਣ ਵਾਲੀ ਕੌਲੀ ਮਜ਼ਬੂਤੀ ਨਾਲ ਫੜੀ ਲਈ। ਜਿਵੇਂ ਕਿ ਮੰਦਿਰ 'ਚੋਂ ਕਿਸੇ ਭਗਵਾਨ ਦੇ ਦਰਸ਼ਨ ਕਰਨੇ ਹੋਣ ਸਾਕਾਰ ਰੂਪ ਵਿਚ। ਕੁਝ ਸਮੇਂ ਦੇ ਬਾਅਦ ਘਰ ਦੇ ਸਾਹਮਣੇ ਇਕ ਕਾਲੇ ਰੰਗੀ ਦੀ ਖ਼ੂਬਸੂਰਤ ਕਾਰ 'ਚੋਂ ਜਦ ਉਹ ਬਾਹਰ ਨਿਕਲਿਆ ਤਾਂ ਮਾਂ ਨੇ ਝੱਟ ਪਹਿਚਾਣ ਲਿਆ। ਉਹ ਦਰਵਾਜ਼ੇ 'ਚੋਂ ਹੀ ਦੌੜੀ ਹੋਈ ਗਈ, ਤੇਲ ਵਾਲੀ ਕੌਲੀ ਨੇ ਰਾਜੂ ਦੀ ਆਮਦ ਵਿਚ ਅਭਿਆਦਨ ਦੀ ਮੁਦਰਾ ਵਿਚ ਧਰਤੀ ਨੂੰ ਸੰਵਾਰ ਦਿੱਤਾ। ਉਸ ਦੀ ਮਾਂ ਰਾਜੂ ਨਾਲ ਲਿਪਟ ਕੇ ਜ਼ੋਰ ਜ਼ੋਰ ਨਾਲ ਸਿਸਕਦੀਆਂ ਦੇ ਹੁਲਾਰਿਆਂ ਵਿਚ ਰੋਂਦੀ ਜਾ ਰਹੀ ਸੀ। ਮਾਂ ਨੇ ਉਸ ਨੂੰ ਚੁੰਮ-ਚੁੰਮ ਕੇ ਹਾਲੋ-ਬੇਹਾਲ ਕਰ ਲਿਆ। ਮਾਂ-ਪੁੱਤ ਘੁੱਟ ਕੇ ਜਫੀਆਂ ਪਾ ਕੇ ਮਿਲੇ ਜਿਵੇਂ ਸਦੀਆਂ ਦੀ ਮੋਹ ਦੀ ਪਿਆਸ ਬੁੱਝ ਗਈ ਹੋਵੇ। ਮਾਂ ਦੀਆਂ ਅਸੀਸਾਂ ਦਾ ਅਸਮਾਨ ਤਾਰਿਆਂ ਨਾਲ ਭਰ ਗਿਆ। ਡੈਡੀ ਅਤੇ ਭੈਣ, ਭਰਾ ਮਿਲ। ਖ਼ੁਸ਼ੀ ਦੇ ਹੰਝੂਆਂ ਵਿਚ ਗਵਾਚਿਆ ਮੋਹ ਫਿਰ ਬੁਲੰਦੀ ਨੂੰ ਛੂਹ ਗਿਆ।

ਰਾਜੂ ਦੀ ਮਾਂ ਅਤੇ ਸਾਰੇ ਪਰਿਵਾਰ ਨਾਲ ਮਿਲ ਕੇ ਤਰ੍ਹਾਂ-ਤਰ੍ਹਾਂ ਦੇ ਮਿਸ਼ਠਾਨ, ਪਕਵਾਨ ਬਣਾ ਰੱਖੇ ਸੀ। ਸਭ ਬਾਰ-ਬਾਰ ਉਸ ਨੂੰ ਗਲੇ ਵਿਚ ਲੈਂਦੇ। ਮਾਂ ਤੇ ਜਿਵੇਂ ਮੀਰਾਂ ਹੋ ਗਈ ਹੋਵੇ।

ਸ਼ਾਮ ਦੇ ਵੇਲੇ ਰੋਟੀ ਪਾਣੀ ਖ਼ਾਣ ਤੋਂ ਪਹਿਲਾਂ ਰਾਜੂ ਨੂੰ ਉਸ ਦੀ ਮਾਂ ਨੇ ਜਗਿਆਸਾ ਮਈ ਲਿਲਕੜੀ ਵਿਚ ਪੁੱਛਿਆ, ਪੁੱਤਰ ਤੂੰ ਏਨੇ ਸਾਲ ਕਿੱਥੇ ਰਿਹਾ, ਮੇਰਾ ਲਾਡਲਾ, ਤੈਨੂੰ ਮਾਂ ਦੀਆਂ ਆਂਦਰਾਂ ਦਾ ਖਿਆਲ ਨਾ ਆਇਆ। ਮੇਰੇ ਲਾਲ ਤੈਨੂੰ ਸਾਡੀ ਕਦੀ ਯਾਦ ਨਾ ਆਈ?

ਤਾਂ ਰਾਜੂ ਨੇ ਸਾਰਾ ਵਜੂਦ ਇਕੱਠਾ ਕਰਦੇ ਹੋਏ ਅਪਣੇ ਹੌਸਲੇ ਦੀ ਬੇੜੀ ਨੂੰ ਪਾਰ ਲਗਾਂਦੇ ਹੋਏ ਦੱਸਿਆ, ਮਾਂ, ਜਦੋਂ ਮੈਨੂੰ ਪਤਾ ਲੱਗਾ ਕਿ ਤੁਸੀਂ ਮੇਰੇ ਅਸਲੀ ਮਾਤਾ-ਪਿਤਾ ਹੋ ਤਾਂ ਮੇਰਾ ਦਿਲ ਉਖੜ ਗਿਆ। ਫਿਰ ਮਾਮਾ-ਮਾਮੀ ਕੋਲ ਮੇਰਾ ਦਿਲ ਨਹੀਂ ਲੱਗਾ। ਦਿਨ-ਰਾਤ ਤੁਹਾਡੀ ਸਭ ਦੀ ਯਾਦ ਆਉਣ ਲੱਗੀ। ਵਾਪਿਸ ਮੈਂ ਆ ਨਹੀਂ ਸਾਂ ਸਕਦਾ। ਮੈਂ ਘਰੋਂ ਦੌੜਨ ਦਾ ਪ੍ਰਣ ਕਰ ਲਿਆ, ਕਈ ਉਚੇ ਨੀਵੇਂ ਮਾੜੇ ਚੰਗੇ ਖਿਆਲ ਆਏ। ਪਰ ਆਖੀਰ ਘਰੋਂ ਦੌੜ ਗਿਆ। ਗੁਰਦੁਆਰੇ ਚਲਾ ਗਿਆ। ਉਥੇ ਇਕ ਬਜ਼ੁਰਗ ਔਰਤ ਮਿਲੀ। ਉਸ ਨੇ ਮੈਨੂੰ ਪੁੱਛਿਆ, ਪੁੱਤ

ਆਓ ਬੀਜੀਏ ਚੰਗੀ ਸੋਚ ਦੇ ਬੀਜ

ਅੰਮ੍ਰਿਤ ਕੌਰ
9876714004

ਪਿਛਲੇ ਕੁੱਝ ਸਮੇਂ ਤੋਂ ਇਹਨਾਂ ਗੱਲਾਂ ਦੀ ਬੜੀ ਚਰਚਾ ਚਲਦੀ ਆ ਰਹੀ ਹੈ ਕਿ ਸਾਡੀ ਅੱਜ ਦੀ ਚੰਗੀ ਜਾਂ ਮਾੜੀ ਸੋਚ ਸਾਡਾ ਚੰਗਾ ਜਾਂ ਮਾੜਾ ਭਵਿੱਖ ਤੈਅ ਕਰਦੀ ਹੈ। ਕਈ ਸਾਲ ਪਹਿਲਾਂ ਰੌਂਡਾ ਬਾਇਰਨ (Rhonda Byrne) ਦੀ ਲਿਖੀ ਕਿਤਾਬ ਰਹੱਸ (secret) ਪੜ੍ਹਨ ਦਾ ਮੌਕਾ ਮਿਲਿਆ। ਜਦੋਂ ਮੈਂ ਕਿਤਾਬ ਪੜ੍ਹੀ ਤਾਂ ਕਾਫ਼ੀ ਗੱਲਾਂ ਸਮਝ ਵਿੱਚ ਆਈਆਂ ਕਿ ਕਈ ਵਾਰ ਅਸੀਂ ਆਪਣੀ ਨਕਾਰਾਤਮਕ ਸੋਚ ਕਾਰਨ ਆਪਣਾ ਜੀਵਨ ਉਲਝਾ ਲੈਂਦੇ ਹਾਂ। ਸਕਾਰਾਤਮਕ ਸੋਚ ਨਾਲ ਅਸੀਂ ਚੰਗੀ ਊਰਜਾ ਨਾਲ ਭਰ ਜਾਂਦੇ ਹਾਂ। ਅਸੀਂ ਜੋ ਸੋਚਦੇ ਹਾਂ ਉਹੀ ਸਾਨੂੰ ਕਈ ਗੁਣਾਂ ਵਧ ਕੇ ਵਾਪਸ ਮਿਲਦਾ ਹੈ। ਕੁੱਲ ਮਿਲਾ ਕੇ ਅਸੀਂ ਆਪਣੀ ਜ਼ਿੰਦਗੀ ਨੂੰ ਹਰ ਤਰੀਕੇ ਨਾਲ ਬਿਹਤਰ ਬਣਾ ਸਕਦੇ ਹਾਂ। ਜੇ ਅਸੀਂ ਆਪਣੀ ਸੋਚ ਸਹੀ ਰੱਖੀਏ ਤਾਂ। ਇਸ ਵਿੱਚ ਆਕਰਸ਼ਣ ਵਿਧੀ ਦੀ ਗੱਲ ਤੇ ਬੜਾ ਜ਼ੋਰ ਦਿੱਤਾ ਹੈ। ਇਸੇ ਵਿਸ਼ੇ ਤੇ ਸੋਚਦਿਆਂ ਮੈਂ ਰਿਸ਼ਤਿਆਂ 'ਤੇ ਲਾ ਕੇ ਸੋਚਿਆ ਕਿ ਕਿੱਥੇ ਕਿਸ ਨੇ, ਕਿਸ ਨੂੰ, ਕੀ ਕਿਹਾ ,ਕਿਸ ਤਰ੍ਹਾਂ ਗਲਤਫਹਿਮੀਆਂ ਵਿੱਚ ਫਸ ਕੇ ਬਾਤ ਦੇ ਬਤੰਗੜ ਬਣ ਜਾਂਦੇ ਹਨ ਅਤੇ ਇਸੇ ਤਰ੍ਹਾਂ ਰਿਸ਼ਤਿਆਂ ਦਾ ਵਰਤਵਾਰਾ ਖ਼ਰਾਬ ਹੁੰਦਾ ਜਾ ਰਿਹਾ ਹੈ। ਦਿਮਾਗ਼ ਲੋਕ ਗੀਤਾਂ ਤੱਕ ਪਹੁੰਚ ਗਿਆ ਅਤੇ ਫਿਰ ਇਸ ਤੋਂ ਵੀ ਅੱਗੇ ਸੱਸ-ਨੂੰਹ ਦੇ ਰਿਸ਼ਤੇ ਵਾਰੇ ਸੋਚਣ ਲੱਗੀ ਕਿਉਂਕਿ ਇਸ ਇੱਕ ਰਿਸ਼ਤੇ ਕਾਰਨ ਬਹੁਤ ਸਾਰੇ ਪਰਿਵਾਰ ਟੁੱਟ ਜਾਂਦੇ ਹਨ, ਨੂੰਹਾਂ ਪੁੱਤ ਵੱਖ ਹੋ ਜਾਂਦੇ ਹਨ। ਮਰਨ ਮਰਾਉਣ ਤੱਕ ਗੱਲ ਪਹੁੰਚ ਜਾਂਦੀ ਹੈ। ਕੋਰਟ ਕਚਹਿਰੀ ਜਾਣਾ ਪੈਂਦਾ ਹੈ। ਜਿਹੜੇ ਨਾ ਤਾਂ ਵੱਖ ਹੁੰਦੇ ਹਨ, ਨਾ ਕੋਰਟ ਕਚਹਿਰੀ ਜਾਂਦੇ ਹਨ। ਉਹਨਾਂ ਪਰਿਵਾਰਾਂ ਦਾ ਇੱਕ ਅੱਧ ਜੀਅ ਮੌਤੋਂ ਭੈੜੀ ਜ਼ਿੰਦਗੀ ਜੀ ਰਿਹਾ ਹੁੰਦਾ ਹੈ। ਕਿਤੇ ਇੱਥੇ ਆਕਰਸ਼ਣ ਵਿਧੀ (law of attraction) ਤਾਂ ਨਹੀਂ ਕੰਮ ਕਰ ਰਹੀ। ਜਦੋਂ ਕਦੇ ਕਿਸੇ ਨੇ ਇਸ ਰਿਸ਼ਤੇ ਬਾਰੇ ਚੰਗਾ ਸੋਚਿਆ ਹੀ ਨਹੀਂ ਫਿਰ ਇਹ ਰਿਸ਼ਤਾ ਸਹੀ ਤਰੀਕੇ ਨਾਲ ਕਿਵੇਂ ਨਿਭ ਸਕਦਾ ਹੈ ? ਲੋਕ ਗੀਤਾਂ ਵਿੱਚੋਂ ਸੱਸ ਨੂੰਹ ਦੀਆਂ ਬੋਲੀਆਂ ਵੀ ਕੁੱਝ ਇਸ ਤਰ੍ਹਾਂ ਦੀ ਤਸਵੀਰ ਪੇਸ਼ ਕਰਦੀਆਂ ਹਨ -

*ਮਾਪਿਆਂ ਨੇ ਰੱਖੀ ਲਾਡਲੀ,
ਅੱਗੋਂ ਸੱਸ ਬਘਿਆੜੀ ਟੱਕਰੀ।
*ਨਿੰਮ ਦਾ ਲਿਆ ਦੇ ਘੋਟਣਾ,
ਸੱਸ ਕੁੱਟਣੀ ਸੰਦੂਕਾਂ ਓਹਲੇ।

ਇਹੋ ਜਿਹੀਆਂ ਬੋਲੀਆਂ ਕੁਆਰੀਆਂ ਕੁੜੀਆਂ ਬੜੇ ਚਾਵਾਂ ਨਾਲ ਪਾਉਂਦੀਆਂ ਨੇ। ਇਹਨਾਂ ਵਿੱਚ ਸੱਸ ਲਈ ਸੋਚ ਤਾਂ ਬੁਰੀ ਹੀ ਰੱਖੀ ਗਈ ਹੈ।

ਕੁੱਝ ਕੁ ਦਹਾਕੇ ਪਹਿਲਾਂ ਜਦੋਂ ਸਾਉਣ ਦੇ ਮਹੀਨੇ ਹਰ ਘਰ ਦੇ ਵਿਹੜੇ ਵਿੱਚ ਲੱਗੇ ਦਰੱਖਤ 'ਤੇ ਪੀਂਘ ਪਾਈ ਹੁੰਦੀ ਸੀ। ਕਈ ਵਾਰ ਤਾਂ ਸੁੱਤੇ ਉੱਠਦੇ ਹੀ ਝੂਟਣ ਲੱਗ ਪੈਂਦੇ। ਘਰ ਦੀਆਂ ਜਵਾਨ ਕੁੜੀਆਂ ਵੀ ਕੰਮ ਧੰਦਿਆਂ ਵਿੱਚੋਂ ਸਮਾਂ ਕੱਢ ਕੇ ਪੀਂਘ ਝੂਟ ਲੈਂਦੀਆਂ ਸਨ। ਉਹ ਪੀਂਘ ਦੀ ਫੱਟੀ 'ਤੇ ਖੜ੍ਹੀਆਂ ਹੋ ਕੇ ਪੂਰੇ ਜ਼ੋਰ ਨਾਲ ਪੀਂਘ ਚੜ੍ਹਾਉਂਦੀਆਂ ਜਿਸਨੂੰ ਅਸੀਂ 'ਹੀਂਘ ਚੜ੍ਹਾਉਣਾ' ਆਖਦੇ ਸੀ। ਕਈ ਥਾਈਂ 'ਪੀਂਘ ਚੜ੍ਹਾਉਣਾ' ਵੀ ਕਿਹਾ ਜਾਂਦਾ ਸੀ। ਜਦੋਂ ਪੀਂਘ ਝੂਟਣ ਵਾਲੀ ਕੁੜੀ ਬਹੁਤ ਵੱਡੀ ਹੀਂਘ ਚੜ੍ਹਾਉਂਦੀ ਦਰੱਖਤ ਦੀਆਂ ਟਾਹਣੀਆਂ ਤੱਕ ਪਹੁੰਚ ਜਾਂਦੀ ਤਾਂ ਉੱਥੋਂ ਦਰੱਖਤ ਦੇ ਕੁੱਝ ਪੱਤੇ ਸੂਤ ਲੈਂਦੀ ਅਤੇ ਇਸ ਨੂੰ ਸੱਸ ਦਾ ਚੂੰਡਾ ਜਾਂ ਜੂੜਾ ਪੁੱਟਣਾ ਆਖਿਆ ਜਾਂਦਾ। ਇਹਦਾ ਮਤਲਬ ਐ ਧੀਆਂ ਨੂੰ ਸੱਸ ਦਾ ਸਤਿਕਾਰ ਕਰਨਾ ਨਹੀਂ ਸਿਖਾਇਆ ਜਾਂਦਾ। ਬਚਪਨ ਤੋਂ ਹੀ ਉਨ੍ਹਾਂ ਦੇ ਮਨ ਵਿੱਚ ਸੱਸ ਦੇ ਭੈੜੇ ਰੂਪ ਚਿਤਰੇ ਜਾਂਦੇ ਹਨ। ਜੇ ਕੋਈ ਕੁੜੀ ਘਰ ਦੇ ਕੰਮਾਂ ਧੰਦਿਆਂ ਵਿੱਚ ਗਲਤੀ ਕਰ ਦਿੰਦੀ ਤਾਂ ਉਸ ਨੂੰ ਆਖਿਆ ਜਾਂਦਾ,
÷ ਕੋਈ ਨਾ, ਤੇਰੀ ਸੱਸ ਈ ਤੈਨੂੰ ਸਿੱਧੀ ਕਰੂ।÷

ਦੂਜੇ ਪਾਸੇ ਜੇਕਰ ਵਿਆਹੁਣ ਯੋਗ ਮੁੰਡੇ ਦੀ ਮਾਂ ਦਾ ਸੁਭਾਅ ਥੋੜ੍ਹਾ ਤੱਤਾ ਹੋਵੇ ਤਾਂ ਉਸ ਦੀਆਂ ਰਿਸ਼ਤੇਦਾਰ ਬੀਬੀਆਂ ਵੀ ਆਖ ਦਿੰਦੀਆਂ ਹਨ 'ਇਹਦੀਆਂ ਨੂੰਹ ਨਾਲ ਤਾਰਾਂ ਭਿੜਿਆ ਕਰਨਗੀਆਂ, ਫੇਰ ਲੱਗੂ ਇਹਨੂੰ ਪਤਾ।'

ਕਈ ਲੋਕ ਨਿੱਕੀਆਂ ਨਿੱਕੀਆਂ ਬੱਚੀਆਂ ਜਿਹਨਾਂ ਨੂੰ ਅਜੇ ਬੋਲਣਾ ਵੀ ਨਹੀਂ ਆਉਂਦਾ, ਜਿਹਨਾਂ ਨੂੰ ਅਜੇ ਇਹਨਾਂ ਰਿਸ਼ਤਿਆਂ ਦੇ ਮਤਲਬ ਵੀ ਨਹੀਂ ਪਤਾ ਉਹਨਾਂ ਨੂੰ ਸੱਸ ਦੇ ਭੈੜੇ ਸੁਭਾਅ ਨੂੰ ਦਰਸਾਉਂਦੀਆਂ ਬੋਲੀਆਂ ਸਿਖਾ ਕੇ ਖੁਸ਼ ਹੁੰਦੇ ਰਹਿਣਗੇ।

ਆਮ ਕਹਿੰਦਿਆਂ ਸੁਣਿਆ ਜਾਂਦਾ ਹੈ -ਸੱਪ ਵਿੱਚ ਇੱਕ ਸੱਸਾ (ਸ), ਸੱਸ ਵਿੱਚ ਦੋ ਸੱਸੇ। ਮਤਲਬ ਸੱਸ ਨੂੰ ਸੱਪ ਤੋਂ ਵੀ ਵੱਧ ਜ਼ਹਿਰੀ ਆਖਿਆ ਗਿਆ। ਕਈ ਲੋਕ ਗੱਲ ਨੂੰ ਭੁੰਜੇ ਨਹੀਂ ਡਿੱਗਣ ਦਿੰਦੇ। ਇੱਕ ਨਵੀਂ ਵਿਆਹੀ ਕੁੜੀ ਦੇ ਕੰਨ ਵਿੱਚ ਕਿਸੇ ਸਹੇਲੀ ਨੇ ਉਸ ਦੀ ਸੱਸ ਵੱਲ ਦੇਖ ਕੇ ਦੋ ਸੱਸਿਆਂ ਵਾਲੀ ਗੱਲ ਕੁੜੀ ਦੇ ਕੋਲ ਨੂੰ ਹੋ ਕੇ ਆਖ ਦਿੱਤੀ। ਕੁੜੀ ਤਾਂ ਕੁੱਝ ਨਾ ਬੋਲੀ ਨਾਲ ਖੜ੍ਹੀ ਛੋਟੀ ਭੈਣ ਬੋਲ ਪਈ, ÷ ਨੂੰਹ ਦਾ ਇੱਕ ਨੰਨਾਂ (ਨ) ਅਤੇ ਨਿਉਲੇ ਦਾ ਵੀ ਇੱਕੋ 'ਨ' ਹੁੰਦਾ ਹੈ। ਸੱਪ ਜਿੰਨਾ ਮਰਜ਼ੀ ਜ਼ਹਿਰੀ ਹੋਵੇ ਨਿਉਲੇ ਦੀ ਕੁੜਿੱਕੀ ਵਿੱਚੋਂ ਨਹੀਂ ਨਿਕਲ ਸਕਦਾ। ਫਿਕਰ ਕਰਨ ਦੀ ਲੋੜ ਨਹੀਂ।÷

ਇਹ ਗੱਲਾਂ ਸਿਰਫ਼ ਕੁੜੀਆਂ ਹੀ ਨਹੀਂ ਕਰਦੀਆਂ ਮੁੰਡਿਆਂ ਦੀਆਂ ਮਾਵਾਂ ਵੀ ਇਸ ਦੀ ਪੂਰੀ ਤਿਆਰੀ ਰੱਖਦੀਆਂ ਹਨ। ਕਿਸੇ ਵਿਆਹ 'ਤੇ ਇਕੱਠੀਆਂ ਹੋਈਆਂ ਦੋ ਸਹੇਲੀਆਂ ਵਿੱਚੋਂ ਇੱਕ ਨੇ ਦੂਜੀ ਨੂੰ ਕਿਹਾ, ÷ਤੇਰਾ ਪੁੱਤ ਵਿਆਹੁਣ ਵਾਲਾ ਐ ਤੂੰ ਵੀ ਵਿਆਹ ਕਰ ਈ ਲੈ ਹੁਣ।÷ ਦੂਜੀ ਨੇ ਝੱਟ ਜਵਾਬ ਸੁਣਾਇਆ,
÷ ਮੇਰੀ ਗੁੱਤ ਦੇ ਵਾਲ਼ ਤੈਨੂੰ ਚੰਗੇ ਨੀ ਲੱਗਦੇ ? ÷
ਇਸ ਗੱਲ ਦਾ ਮਤਲਬ ਸਾਰੇ ਸਮਝਦੇ ਹਨ ਕਿ ਉਹ ਕਿਹੋ ਜਿਹੀ ਨੂੰਹ ਚਿਤਵਦੀ ਹੋਵੇਗੀ। ਕਿੱਕਰਾਂ ਦੇ ਬੀ ਬੀਜ ਕੇ ਦਾਖ਼ਾਂ ਨਹੀਂ ਮਿਲਦੀਆਂ ਹੁੰਦੀਆਂ। ਚੰਗੀ ਸੋਚ ਦੇ ਬੀ ਬੀਜ ਕੇ ਹੀ ਕੁੱਝ ਚੰਗਾ ਉੱਗੇਗਾ। ਪਰ ਪੰਜੇ ਉਂਗਲਾਂ ਬਰਾਬਰ ਨਹੀਂ ਹੁੰਦੀਆਂ ਇਸ ਲਈ ਕਈ ਪੁੱਤਾਂ ਦੀਆਂ ਮਾਵਾਂ ਏਦਾਂ ਵੀ ਸੋਚਦੀਆਂ ਹਨ ਕਿ ਉਹ ਆਪਣੀ ਨੂੰਹ ਨੂੰ ਬਹੁਤ ਪਿਆਰ ਦੇਣਗੀਆਂ। ਘਰ ਦਾ ਸਾਰਾ ਕੰਮ ਨੂੰਹ ਦੇ ਸਿਰ 'ਤੇ ਨਹੀਂ ਛੱਡਣਗੀਆਂ। ਕਈ ਸਿਆਣੀਆਂ ਬੀਬੀਆਂ ਕੁੜੀਆਂ ਵੀ ਘਰ ਵਿੱਚ ਕਲੇਸ਼ ਨਹੀਂ ਚਾਹੁੰਦੀਆਂ। ਕੁੱਝ ਕੁ ਗੱਲਾਂ ਸਹਿ ਲੈਂਦੀਆਂ ਨੇ। ਦੋਵੇਂ ਪਾਸੇ ਸੰਤੁਲਨ ਬਣਿਆ ਰਹਿੰਦਾ ਹੈ ਅਤੇ ਘਰ ਸਵਰਗ ਵਰਗਾ ਸੁੱਖਾਂ ਭਰਿਆ ਬਣ ਜਾਂਦਾ ਹੈ। ਘਰ ਵਿੱਚ ਵੀਰ ਬਜ਼ੁਰਗਾਂ ਦੀ ਜਾਨ ਵੀ ਸੁਖ਼ਾਲ਼ੀ ਰਹਿੰਦੀ ਹੈ। ਇਸ ਤਰ੍ਹਾਂ ਬਹੁਤ ਸਾਰੇ ਪਰਿਵਾਰ ਸੁਖੀ ਵਸਦੇ ਹਨ।

ਸਿਆਣਪ ਨਾਲ ਚਲਦੇ ਘਰਾਂ ਦੇ ਜੀਆਂ ਕੋਲ ਉਸਾਰੂ ਕੰਮਾਂ ਲਈ ਬਹੁਤ ਸਾਰਾ ਸਮਾਂ ਹੁੰਦਾ ਹੈ। ਉਹ ਤਰੱਕੀ ਕਰਦੇ ਹਨ। ਕਾਰਨ ਇਹ ਹੁੰਦਾ ਹੈ ਕਿ ਜਿੰਨੀ ਊਰਜਾ ਬੇਸਮਝ ਪਰਿਵਾਰਾਂ ਵਿੱਚ ਕਾਟੋ ਕਲੇਸ਼ 'ਤੇ ਖਰਚ ਹੁੰਦੀ ਹੈ। ਉਸ ਤੋਂ ਵੀ ਦੁੱਗਣੀ ਊਰਜਾ ਆਪੇ ਉਲਝਾਈਆਂ ਸਮੱਸਿਆਵਾਂ ਨੂੰ ਸੁਲਝਾਉਣ ਲਈ ਖਰਚ ਹੁੰਦੀ ਹੈ। ਬਿਮਾਰੀਆਂ ਵਧ ਜਾਂਦੀਆਂ ਹਨ ਤਰੱਕੀ ਰੁਕ ਜਾਂਦੀ ਹੈ। ਪਰ ਚੰਗੇ ਪਰਿਵਾਰ ਇਹੀ ਊਰਜਾ ਆਪਣੇ ਪਰਿਵਾਰ ਦੇ ਜੀਆਂ ਦੀ ਖੁਸ਼ਹਾਲੀ ਲਈ ਵਰਤਦੇ ਹਨ। ਇਸ ਤਰ੍ਹਾਂ ਦੇ ਪਰਿਵਾਰ ਘਰ ਆਈਆਂ ਨੂੰਹਾਂ ਨੂੰ ਨੌਕਰਾਣੀਆਂ ਨਹੀਂ ਸਮਝਦੇ। ਨੂੰਹਾਂ ਵੀ ਆਪਣੇ ਵੱਡਿਆਂ ਨੂੰ ਪੂਰਾ ਮਾਣ ਸਤਿਕਾਰ ਦਿੰਦੀਆਂ ਹਨ। ਆਮ ਕਰਕੇ ਆਖਿਆ ਜਾਂਦਾ ਹੈ ਸੱਸਾਂ ਮਾਵਾਂ ਨਹੀਂ ਬਣ ਸਕਦੀਆਂ ਅਤੇ ਨੂੰਹਾਂ ਧੀਆਂ ਨਹੀਂ ਬਣ ਸਕਦੀਆਂ। ਚੰਗਾ ਤਾਂ ਇਹੀ ਹੈ ਕਿ ਸੱਸ ਨੂੰ ਸੱਸ ਅਤੇ ਨੂੰਹ ਨੂੰ ਨੂੰਹ ਹੀ ਰਹਿਣ ਦਿਓ। ਲੋੜ ਹੈ ਸੋਚ ਨੂੰ ਬਦਲਣ ਦੀ। ਸਾਰਿਆਂ ਨੂੰ ਥੋੜ੍ਹੀ ਥੋੜ੍ਹੀ ਸੋਚ ਬਦਲਣ ਦੀ ਜ਼ਰੂਰਤ ਹੈ। ਹਰ ਇਨਸਾਨ ਵਿੱਚ ਗੁਣ-ਔਗੁਣ ਹੁੰਦੇ ਹਨ ਜੇ ਔਗੁਣਾਂ ਨੂੰ ਲੈ ਕੇ ਅੱਖੇ ਭਾਰੇ ਹੁੰਦੇ ਹਾਂ ਤਾਂ ਗੁਣਾਂ ਦੀ ਤਾਰੀਫ਼ ਵੀ ਕਰਨੀ ਜ਼ਰੂਰੀ ਹੈ। ਜੇ ਇਹਨਾਂ ਰਿਸ਼ਤਿਆਂ ਬਾਰੇ ਚੰਗਾ ਸੋਚੀਏ ਅਤੇ ਸੰਤੁਲਨ ਬਣਾ ਕੇ ਰੱਖੀਏ ਤਾਂ ਇਹਨਾਂ ਪਿਆਰੇ ਜਿਹੇ ਰਿਸ਼ਤਿਆਂ ਨਾਲ ਨਿਭਦੇ ਨਿਭਾਉਂਦਿਆਂ ਜ਼ਿੰਦਗੀ ਦਾ ਪੈਂਡਾ ਸੁਖਾਲ਼ਾ ਹੋ ਜਾਵੇਗਾ।

ਪੁਸਤਕ ਚਰਚਾ

ਵਰਤਮਾਨ ਸਮੇਂ ਦੇ ਸਰੋਕਾਰਾਂ ਦਾ ਆਈਨਾ ਹੈ: "ਖਿਆਲ ਤੋਂ ਤਹਿਰੀਰ ਤੱਕ"

ਡਾ. ਧਰਮਪਾਲ ਸਾਹਿਲ
(9876156964)

ਪ੍ਰਸਿੱਧ ਸਿੱਖਿਆ ਸ਼ਾਸਤਰੀ, ਕੁਸ਼ਲ ਪ੍ਰਬੰਧਕ ਅਤੇ ਸਥਾਪਿਤ ਖੋਜੀ ਨਿਬੰਧਕਾਰ ਡਾ. ਅਰਵਿੰਦਰ ਸਿੰਘ ਮੁੱਖ ਤੌਰ ਤੇ ਸਮਾਜਕ, ਸਿਆਸਤ, ਫ਼ਲਸਫ਼ੇ, ਸਿੱਖਿਆ ਅਤੇ ਵਰਤਮਾਨ ਸਰੋਕਾਰਾਂ ਨੂੰ ਆਪਣੀਆਂ ਕਿਰਤਾਂ ਦਾ ਵਿਸ਼ਾ ਬਣਾਉਂਦੇ ਹਨ। ਦਰਜ਼ਨਾ ਮਿਆਰੀ ਪੁਸਤਕਾਂ ਦੇ ਰਚੇਤਾ ਡਾ. ਅਰਵਿੰਦਰ ਸਿੰਘ ਦਾ ਤਾਜ਼ਾ ਨਿਬੰਧ ਸੰਗ੍ਰਹਿ "ਖਿਆਲ ਤੋਂ ਤਹਿਰੀਰ ਤੱਕ"ਪ੍ਰਕਾਸ਼ਿਤ ਹੋ ਕੇ ਪਾਠਕਾਂ ਦੇ ਹੱਥਾਂ ਤੀਕ ਪੁੱਜਾ ਹੈ। ਲੇਖਕ ਨੇ ਪੁਸਤਕ ਦੇ ਸਮੁੱਚੇ ਕੰਟੈਂਟ ਨੂੰ ਚਾਰ ਭਾਗਾਂ ਵਿੱਚ ਵੰਡਿਆ ਹੈ। ਪਹਿਲੇ ਭਾਗ 'ਮਜ਼ਹਬ ਅਤੇ ਮਨੁੱਖ' ਵਿੱਚ 9 ਨਿਬੰਧ, 'ਪੰਥ ਅਤੇ ਪੰਜਾਬ ਦੀ ਅਧੋਗਤੀ ਦੀ ਪੜਚੋਲ' ਵਿੱਚ 11, ਤੀਸਰੇ 'ਸਿੱਖਿਆ ਸੰਸਾਰ ਸੰਬੰਧੀ ਸਰੋਕਾਰ' ਦੇ ਚਾਰ ਨਿਬੰਧ ਅਤੇ 'ਜ਼ਿੰਦਗੀ ਦੀ ਚਾਲ, ਦਿਸ਼ਾ ਅਤੇ ਦਿਸ਼ਾ' 11 ਨਿਬੰਧ ਸ਼ਾਮਿਲ ਕੀਤੇ ਗਏ ਹਨ।

ਡਾ. ਅਰਵਿੰਦਰ ਸਿੰਘ ਗੁਰੂ ਨਾਨਕ ਦੇ ਫ਼ਲਸਫ਼ੇ ਦੇ ਪੈਰੋਕਾਰ ਹਨ। ਉਨ੍ਹਾਂ ਦਾ ਜ਼ਿੰਦਗੀ, ਸਮਾਜ ਅਤੇ ਰਾਜਨੀਤੀ ਲਈ ਨਜ਼ਰੀਆ ਗੁਰੂ ਨਾਨਕ ਦੇਵ ਦੇ ਆਦਰਸ਼ ਅਤੇ ਸੰਕਲਪ ਵਾਲਾ ਹੈ। ਇਸੇ ਲਈ ਉਹ ਪੁਸਤਕ ਦੇ ਪਹਿਲੇ ਪੜਾਅ "ਮਜ਼ਹਬ ਅਤੇ ਮਨੁੱਖ"ਵਿੱਚ ਗੁਰੂ ਨਾਨਕ ਦੀ ਫਿਲਾਸਫ਼ੀ ਨੂੰ ਅਧਾਰ ਬਣਾ ਕੇ ਸਮਾਜ ਤੇ ਅਜੋਕੇ ਸੱਚੇ ਸਿੱਖ ਦੀ ਵਿਆਖਿਆ ਕਰਦੇ ਹਨ ਅਤੇ ਗੁਰੂ ਨਾਨਕ ਨੂੰ ਧਿਆਣ ਤੋਂ ਲੈ ਕੇ ਉਸ ਦੀ ਮੰਨਣ ਵਿਚਾਲੇ ਦਿਨ ਪ੍ਰਤੀ ਦਿਨ ਵਧਦੇ ਜਾਂਦੇ ਫ਼ਾਸਲੇ ਦੀ ਨਿਸ਼ਾਨਦੇਹੀ ਕਰਦੇ ਹਨ। ਉਹਨਾਂ ਨੇ ਹਿੰਦ ਦੀ ਚਾਦਰ ਗੁਰੂ ਤੇਗ ਬਹਾਦਰ ਦੇ ਲੋਕਤੰਤਰੀ ਸਰੋਕਾਰਾਂ ਅਤੇ ਲੁਕਾਈ ਲਈ ਲਾਸਾਨੀ ਸ਼ਹਾਦਤ ਦੇ ਅਰਥ ਸਮਝਾਏ ਹਨ। ਇਨ੍ਹਾਂ ਮਹਾਮਾਨਵਾਂ ਦੇ ਅਦਰਸ਼ਾਂ ਨੂੰ ਜ਼ਿੰਦਗੀ ਵਿੱਚ ਢਾਲਣ ਦੀ ਪ੍ਰੇਰਣਾ ਦਿੱਤੀ ਹੈ।

"ਸਿੱਖਿਆ ਸੰਸਾਰ ਸੰਬੰਧੀ ਸਰੋਕਾਰ"ਵਾਲੇ ਪੜਾਅ ਵਿੱਚ ਭਾਰਤ ਵਿੱਚ ਉਚੇਰੀ ਸਿੱਖਿਆ ਦੇ ਖੇਤਰ ਨੂੰ ਦਰਪੇਸ਼ ਚੁਣੌਤੀਆਂ, ਰੁਜ਼ਗਾਰਯੋਗਤਾ ਅਤੇ ਭਾਰਤ ਵਿੱਚ ਉਚੇਰੀ ਸਿੱਖਿਆ ਦੀ ਮੌਜੂਦਾ ਸਥਿਤੀ, ਨਾਲ ਹੀ ਅਸਮਾਨਤਾਵਾਂ ਦੀ ਮਾਰ ਝੱਲ ਰਹੇ ਭਾਰਤੀ ਸਿੱਖਿਆ ਤੰਤਰ ਦੀ ਆਪਣੇ ਤਜ਼ਰਬਿਆਂ ਦੇ ਅਧਾਰ ਤੇ ਖ਼ੁਰਦਬੀਨੀ ਪੜਚੋਲ ਕੀਤੀ ਹੈ। ਉਚੇਰੀ ਵਿਦਿਆ ਦੇ ਖੇਤਰ ਦੇ ਬਹੁਤ ਸਾਰੇ ਅਣਗੋਲੇ ਅਤੇ ਧਿਆਨ ਮੰਗਦੇ ਤੱਥ ਉਜਾਗਰ ਕੀਤੇ ਹਨ।

ਪੁਸਤਕ ਦੇ "ਜ਼ਿੰਦਗੀ ਦੀ ਚਾਲ, ਦਿਸ਼ਾ ਅਤੇ ਦਸ਼ਾ"ਰਾਹੀਂ ਡਾ. ਅਰਵਿੰਦਰ ਸਿੰਘ ਨੇ ਮਨੁੱਖੀ ਜੀਵਨ ਸ਼ੈਲੀ, ਨੈਤਿਕਤਾ, ਜ਼ਿੰਦਗੀ ਜਿਉਣ ਦੇ ਸ਼ਊਰ, ਅਜੋਕੇ ਬਦਲਦੇ ਯੁੱਗ ਵਿਚ ਸਾਡੀ ਤਰਜ਼-ਏ ਜ਼ਿੰਦਗੀ, ਦਾਨਿਸ਼ਮੰਦੀ ਦੇ ਮਹਤੱਵ, ਖੁਸ਼ੀਆਂ ਨੂੰ ਹਾਸਿਲ ਕਰਨ ਅਤੇ ਉਸ ਨੂੰ ਮਾਨਣ ਦੇ ਢੰਗ, ਖ਼ਾਮੋਸ਼ ਰਹਿਣ ਦਾ ਹੁਨਰ ਤੇ ਉਸ ਦਾ ਪ੍ਰਭਾਵ, ਖਾਹਿਸ਼ਾਂ ਦੇ ਚੱਕਰਵਿਊ ਵਿੱਚ ਫਸਿਆ ਇਨਸਾਨ, ਗਰੂਰ ਤੋਂ ਬੱਚ ਕੇ ਜਿਊਣ ਦੀ ਕਲਾ ਅਤੇ ਜ਼ਿੰਦਗੀ ਵਿੱਚਲੀ ਸੰਕਰੀਣਤਾ ਨੂੰ ਖ਼ਤਮ ਕਰਕੇ ਜੀਉ ਤੇ ਜਿਉਣ ਦਿਉ ਦੇ ਫ਼ਲਸਫ਼ੇ ਤੇ ਅਮਲ ਰਾਹੀਂ ਆਪਣੀ ਜ਼ਿੰਦਗੀ ਦੀ ਦਿਸ਼ਾ ਅਤੇ ਦਸ਼ਾ ਨੂੰ ਨਿਰਧਾਰਤ ਕਰਨ ਦਾ ਉਦੇਸ਼ ਪੂਰਣ ਸੁਨੇਹਾ ਦਿੱਤਾ ਹੈ।

ਪੁਸਤਕ ਦਾ ਚੌਥਾ ਅਤੇ ਸਭ ਤੋਂ ਜਿਆਦਾ ਪ੍ਰਭਾਵਸ਼ਾਲੀ ਤੇ ਸਮਕਾਲੀ ਪੜਾਅ ਹੈ "ਪੰਥ ਅਤੇ ਪੰਜਾਬ ਦੀ ਅਧੋਗਤੀ ਦੀ ਪੜਚੋਲ"ਵਿਚਲੇ 11 ਨਿਬੰਧ। ਇਨ੍ਹਾਂ ਵਿੱਚ ਲੇਖਕ ਨੇ ਸਿੱਖ ਕੌਮ ਅਤੇ ਅਜੋਕੇ ਪੰਜਾਬ ਨਾਲ ਜੁੜੇ ਬਹੁਤ ਹੀ ਅਹਿਮ ਮੁੱਦਿਆਂ ਤੇ ਬੇਬਾਕ, ਤਰਕ ਆਧਾਰਿਤ, ਨਿਰਪੱਖ ਮੁਲਾਂਕਣ ਕਰਦਿਆਂ ਅਜਿਹਾ ਅਕਸ ਵਿਖਾਇਆ ਹੈ ਕਿ ਪੰਜਾਬੀ ਪਾਠਕ ਨੂੰ ਪੰਜਾਬ ਦੇ ਸਮਾਜਕ, ਧਾਰਮਿਕ, ਰਾਜਨੀਤਿਕ, ਆਰਥਿਕ ਅਤੇ ਸਭਿਆਚਾਰਕ ਪਰਿਦ੍ਰਿਸ਼ ਵਿਚਲਾ ਖੋਖਲਾਪਣ ਸਪੱਸ਼ਟ ਨਜਰ ਆਉਣ ਲੱਗਦਾ ਹੈ। ਲੇਖਕ ਨੇ ਬਹੁਤ ਹੀ ਸੰਜੀਦਾ ਹੋ ਕੇ ਨਿਰਪੱਖ ਢੰਗ ਨਾਲ ਅਜੋਕੀ ਵਿਵਸਥਾ ਦੀ ਜਿਹੜੀ ਪੜਚੋਲ ਕੀਤੀ ਹੈ, ਉਸ ਵਿੱਚ ਸਿੱਖ ਕੌਮ ਦੇ ਮਸਲਿਆਂ, ਉਸ ਦੇ ਏਜੰਡੇ, ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੀ ਸਾਰਥਕਤਾ ਨੂੰ ਆਪਣੇ ਨੁਕਤੇ ਨਿਗਾਹ ਤੋਂ ਪੇਸ਼ ਕਰਨ ਦਾ ਉਪਰਾਲਾ ਕੀਤਾ ਹੈ। ਇਨ੍ਹਾਂ ਨਿਬੰਧਾਂ ਵਿਚ ਲੇਖਕ ਬੇਹੱਦ ਫਿਕਰਮੰਦ ਨਜ਼ਰ ਆਉਂਦਾ ਹੈ, ਅਜੋਕਾ ਸਿੱਖ, ਪੰਥ ਤੋਂ ਬੇਮੁੱਖ ਹੋ ਰਿਹਾ ਹੈ। ਉਸ ਨੂੰ ਗੁਰੂਆਂ ਦੀ ਵਰਸੋਈ ਧਰਤੀ, ਪੰਜਾਬ ਦੇ ਪੌਣ-ਪਾਣੀ, ਪੰਜਾਬ ਦੇ ਸਭਿਆਚਾਰ, ਪੰਜਾਬ ਦੇ ਮਹੱਤਵਪੂਰਨ ਮਸਲਿਆਂ ਪ੍ਰਤੀ ਗੈਰ ਸੰਜੀਦਗੀ, ਪੰਜਾਬ ਦੇ ਦਰਦ ਦੀ ਅਣਦੇਖੀ ਨੂੰ ਸ਼ਿੱ

ਭੂਤ -ਪ੍ਰੇਤ ਕੌਣ .... ? (ਕਹਾਣੀ)

ਲਾਭ ਸਿੰਘ ਸ਼ੇਰਗਿੱਲ, (ਸੰਗਰੂਰ)
86995 35708

ਜਿਉਂ ਹੀ ਹਾੜ੍ਹ ਮਹੀਨਾ ਚੜਿ ਆ, ਲੂ ਦਾ ਕਹਿਰ ਬਰਸਣਾ ਸ਼ੁਰੂ ਹੋ ਗਿਆ। ਤਪਦੀ ਭੱਠੀ ਵਰਗੀ ਗਰਮ ਹਵਾ ਪਿੰਡੇ ਨੂੰ ਸਾੜ ਰਹੀ ਸੀ। ਖੇਤਾਂ ਵਿੱਚ ਕੰਮ ਕਰਦੇ ਕਿਰਤੀਆਂ ਦੇ ਮੁੜ੍ਹਕੇ ਭਿੱਜੇ ਪਿੰਡਿਆਂ ਨੂੰ ਛੂੰਹਦੀ ਇਹ ਲੂ ਗਰਮ ਹੁੰਦਿਆਂ ਹੋਇਆਂ ਵੀ ਜਿਵੇਂ ਉਨ੍ਹਾਂ ਨੂੰ ਠੰਡਕ ਦੇਣਾ ਚਾਹੁੰਦੀ ਹੋਵੇ। ਬਿਨਾਂ ਕੰਮ ਤੋਂ ਇਸ ਮਹੀਨੇ ਕੋਈ ਬਾਹਰ ਧੁੱਪੇ ਨਹੀਂ ਨਿਕਲਦਾ ਸੀ। ਮੈਂ ਆਪਣੇ ਸਾਈਕਲ 'ਤੇ ਸ਼ਹਿਰੋਂ ਸੌਦਾ-ਪੱਤਾ ਲੈ ਕੇ ਪਰਤ ਰਿਹਾ ਸੀ।ਸਿਖਰ ਦੁਪਹਿਰ ਦਾ ਸਮਾਂ ਸੀ। ਮੇਨ ਸੜਕ ਤੋਂ ਮੈਂ ਸਾਡੇ ਪਿੰਡ ਵਾਲ ?ੀ ਸੜਕ ਵੱਲ ਆਪਣਾ ਸਾਈਕਲ ਮੋੜਿਆ। ਤਪਦੇ ਪਿੰਡੇ ਨੂੰ ਕੁੱਝ ਆਰਾਮ ਦੇਣ ਲਈ ਸੜਕ ਦੇ ਨੇੜੇ ਬੋਹੜ ਦੀ ਛਾਵੇਂ ਰੁਕ ਗਿਆ। ਇਸਦੀ ਸੰਘਣੀ ਛਾਂ ਨੇ ਮੇਰੇ ਤਨ-ਮਨ ਨੂੰ ਕੁੱਝ ਸ਼ਾਂਤ ਕੀਤਾ। ਬੋਹੜ ਦੇ ਇਸ ਰੁੱਖ ਦੇ ਥੱਲੇ ਇੱਕ ਪਾਸੇ ਨਲ ?ਕਾ ਸੀ ਜੋ ਹੁਣ ਬਿਨਾਂ ਡੰਡੀ ਤੋਂ , ਸ਼ਾਇਦ ਕੋਈ ਡੰਡੀ ਲਾਹ ਕੇ ਲੈ ਗਿਆ ਹੋਵੇਗਾ, ਉਂਝ ਹੀ ਖੜ੍ਹਾ ਸੀ ਕਿਉਂਕਿ ਧਰਤੀ ਹੇਠਲੇ ਪਾਣੀ ਦਾ ਪੱਧਰ ਕਾਫ਼ੀ ਥੱਲੇ ਚਲਾ ਗਿਆ । ਹੁਣ ਇਹ ਬਹੁਤ ਸਾਲਾਂ ਤੋਂ ਬਿਨਾਂ ਪਾਣੀ ਤੋਂ ਇਸੇ ਤਰ੍ਹਾਂ ਖੜ੍ਹਾ ਸੀ ਜਿਵੇਂ ਆਉਣ ਜਾਣ ਵਾਲਿਆਂ ਨੂੰ ਆਪਣੀ ਵਿਥਿਆ ਸੁਨਾਉਣੀ ਚਾਹੁੰਦਾ ਹੋਵੇ ਕਿ ਇੱਕ ਸਮਾਂ ਸੀ ਜਦੋਂ ਤੁਸੀਂ ਇਸ ਰੁੱਖ ਦੀ ਛਾਵੇਂ ਰੁਕਦੇ ਅਤੇ ਮੇਰੇ ਸੀਨੇ ਦੇ ਜ਼ੋਰ ਨਾਲ ? ਖਿੱਚਿਆ ਪਾਣੀ ਪੀ ਕੇ ਆਪਣੀ ਪਿਆਸ ਬੁਝਾਉਂਦੇ ਹੁੰਦੇ ਸੀ।

ਸਾਈਕਲ ਦੇ ਹੈਂਡਲ ਨਾਲ ? ਟੰਗੇ ਝੋਲ ? ਵਿੱਚੋਂ ਮੈਂ ਪਲਾਸਟਿਕ ਵਾਲੀ ਪਾਣੀ ਦੀ ਬੋਤਲ ਕੱਢੀ। ਇਸ ਵਿੱਚ ਅੱਧਾ ਕੁ ਗਲਾਸ ਪਾਣੀ ਦਾ ਸੀ। ਬੋਤਲ ਦਾ ਢੱਕਣ ਖੋਲ੍ਹ ਕੇ ਦੋ ਘੁੱਟਾਂ ਪਾਣੀ ਦੀਆਂ ਭਰੀਆਂ । ਪਾਣੀ ਲੂ ਨਾਲ ? ਗਰਮ ਹੋ ਗਿਆ ਸੀ, ਪਿਆਸ ਤਾਂ ਨਹੀਂ ਬੁਝੀ ਥੋੜ੍ਹਾ ਮੂੰਹ ਗਿੱਲਾ ਜ਼ਰੂਰ ਹੋ ਗਿਆ। ਮੈਂ ਕੁੱਝ ਚਿਰ ਆਰਾਮ ਕਰਨ ਲਈ ਬੋਹੜ ਦੇ ਮੋਟੇ ਤਣੇ ਨਾਲ ? ਪਿੱਠ ਲਾ ਕੇ ਅੱਧ-ਲੇਟਵਾਂ ਜਿਹਾ ਹੋ ਕੇ ਲੇਟ ਗਿਆ ਅਤੇ ਸੋਚ ਰਿਹਾ ਸੀ ਕਿ ਜੇ ਇਹ ਰੁੱਖ ਨਾ ਹੁੰਦੇ ਤਾਂ ਮਨੁੱਖ ਦੇ ਤਪਦੇ ਸਰੀਰਾਂ ਨੂੰ ਠੰਢਕ ਕੌਣ ਪਹੁੰਚਾਉਂਦਾ , ਸੋਚਦੇ-ਸੋਚਦੇ ਕੁੱਝ ਸਕਿੰਟਾਂ ਲਈ ਮੇਰੀ ਅੱਖ ਲੱਗ ਗਈ।

"ਆਰਾਮ ਆ ਰਿਹੈ ਨਾ.....? ਇੱਕ ਆਵਾਜ਼ ਆਈ।

" ਕਿਉਂ ਆਰਾਮ ਆ ਰਿਹੈ ਨਾ.....? ਦੁਬਾਰਾ ਫਿਰ ਆਵਾਜ਼ ਆਈ।

ਮੈਂ ਤ੍ਰਭਕ ਕੇ ਉੱਠਿਆ ਤੇ ਆਲ ?ੇ-ਦੁਆਲ ?ੇ ਦੇਖਿਆ, ਕੋਈ ਨਹੀਂ ਸੀ। ਸੋਚਿਆ ਸਿਖਰ ਦੁਪਹਿਰ ਦਾ ਸਮਾਂ ਹੈ ਇਸ ਬੋਹੜ 'ਤੇ ਜ਼ਰੂਰ ਕੋਈ ਭੂਤ-ਪ੍ਰੇਤ ਰਹਿੰਦਾ ਹੋਵੇਗਾ, ਉਸਦੀ ਆਵਾਜ਼ ਹੋਵੇਗੀ। ਮੈਂ ਡਰ ਗਿਆ।

" ਡਰ ਨਾ ਕੋਈ ਭੂਤ-ਪ੍ਰੇਤ ਨੀਂ.... ਹਾਂ ਥੋੜੇ ਤੋਂ ਵੱਡਾ ਭੂਤ-ਪ੍ਰੇਤ ਕੌਣ ਹੋ ਸਕਦੈ....

ਮੇਰੇ ਡਰਦੇ ਦਾ ਦਿਲ ਧੜਕਣ ਲੱਗ ਪਿਆ। ਮੈਂ ਪੂਰਾ ਸਹਿਮ ਗਿਆ। ਸਾਈਕਲ ਚੁੱਕ ਕੇ ਭੱਜਣ ਦੀ ਸੋਚੀ, ਫਿਰ ਆਵਾਜ਼ ਆਈ, 'ਰੁਕ ਜਾ ਡਰ ਨਾ, ਮੈਂ ਅੱਜ ਤੇਰੇ ਨਾਲ ? ਦੋ ਗੱਲਾਂ ਕਰਨੀਆਂ ਨੇ।'

"ਪਰ ਕੌਣ ਐਂ ਤੂੰ ?"ਮੈਂ ਕੰਬਦੀ ਆਵਾਜ਼ 'ਚ ਪੁੱਛਿਆ।

"ਮੈਂ ਉਹ, ਜਿਸ ਥੱਲੇ ਤੂੰ ਆਰਾਮ ਕਰ ਰਿਹੈਂ "ਆਵਾਜ਼ ਵਿੱਚ ਨਰਮੀ ਅਤੇ ਅਪਣੱਤ ਲੱਗੀ।

ਮੈਂ ਇਕ ਦਮ ਸੋਚਿਆ ਰੁੱਖ, ਪਸ਼ੂ-ਪੰਛੀ, ਜਾਨਵਰ ਆਦਿ ਤਾਂ ਸਤਿਯੁਗ ਵਿੱਚ ਬੋਲਿਆ ਕਰਦੇ ਸੀ ਪਰ ਹੁਣ ਤਾਂ ਕਲਯੁੱਗ ਚਲ ਰਿਹਾ ਹੈ ।

ਮੈਂ ਕਿਹਾ, " ਕਿਹੜੀਆਂ ਗੱਲਾਂ ਕਰਨੀਆਂ ਨੇ ?"

"ਜ਼ਰਾ ਤੂੰ ਮੇਰੇ ਸਾਹਮਣੇ ਹੋ ਕੇ ਖੜ੍ਹ ਫਿਰ ਦੱਸਦਾਂ"

ਉਸਨੇ ਬੋਲਣਾ ਸ਼ੁਰੂ ਕੀਤਾ

"ਅਸੀਂ ਭਲਾਂ ਥੋਡਾ ਕੀ ਵਿਗਾੜਿਐ, ਤੁਸੀਂ ਸਾਨੂੰ ਖਤਮ ਕਰਨ 'ਤੇ ਤੁਲੇ ਹੋਏ ਓ, ਹਾਂ ਇੱਕ ਗੱਲ ਕਹਿਨਾ, ਸਾਨੂੰ ਖਤਮ ਕਰਕੇ ਨਸਲ ਥੋਡੀ ਵੀ ਛੇਤੀ ਹੀ ਖਤਮ ਹੋ ਜਾਊਗੀ, ਆਹ ਨਾਲ ? ਸਾਹਮਣੇ ਵੱਡੀ ਸੜਕ ਜਿਸ ਨੂੰ ਤੁਸੀਂ ਹਾਈਵੇ ਕਹਿਨੇ ਓ, ਇੱਥੇ ਮੇਰਾ ਪਿਉ ਸੀ ਜਿਸ ਨੂੰ ਸੜਕ ਚੌੜੀ ਕਰਨ ਦੇ ਨਾਂ 'ਤੇ ਜੜੋਂ ਵੱਢ ਦਿੱਤਾ ।"ਉਸਦੀ ਆਵਾਜ਼ ਵਿੱਚ ਕਰੁਣਾ ਤੇ ਰੋਸ ਸੀ। ਮੈਨੂੰ ਯਾਦ ਸੀ ਕਿ ਇਸ ਸੜਕ ਦੇ ਕਿਨਾਰੇ ਇੱਕ ਵਿਸ਼ਾਲ ਬੋਹੜ ਸੀ ਜੋ ਸੜਕ ਦੇ ਨਿਰਮਾਣ ਸਮੇਂ ਵੱਢ ਦਿੱਤਾ ਗਿਆ ਸੀ ।

"ਉਹ ਸੜਕ ਦੇ ਵਿਚਾਲੇ ਆਉਂਦਾ ਹੋਵੇਗਾ ਤਾਂ ਵੱਢ ਦਿੱਤਾ "ਮੈਂ ਕਿਹਾ।

"ਠੀਕ ਐ ਪਰ ਮੇਰੇ ਪਿਉ ਦੀ ਕੁਰਬਾਨੀ ਲੈ ਕੇ ਕਿਸੇ ਨੇ ਹੋਰ ਰੁੱਖ ਲਗਾਉਣ ਬਾਰੇ ਸੋਚਿਐ ਕਦੇ, ਜ਼ਿਆਦਾ ਫਸਲਾਂ ਲੈਣ ਲਈ ਸਾਡੇ ਸੀਨਿਆਂ 'ਤੇ ਆਰੇ ਚਲਾ ਕੇ ਸਾਨੂੰ ਕਤਲ ਕਰ ਦਿੱਤਾ"ਬੋਹੜ ਨੇ ਰੋਸ ਨਾਲ ? ਆਖਿਆ।

ਮੇਰੀ ਨਜ਼ਰ ਸਾਹਮਣੇ ਖੁੱਲੇ ਖੇਤਾਂ 'ਤੇ ਪਈ, ਚਾਰੇ ਪਾਸੇ ਪੱਧਰੀ ਫਸਲ ਹੀ ਨਜ਼ਰ ਆ ਰਹੀ ਸੀ, ਰੁੱਖ ਤਾਂ ਕੋਈ ਟਾਵਾਂ-ਟਾਵਾਂ ਹੀ ਦਿਸ ਰਿਹਾ ਸੀ ।

÷ਕਿਉਂ ਦਿਖਦੀ ਐ ਨਾ ਸਚਾਈ ਸਾਹਮਣੇ ..... ਦੇਖ ਅਸੀਂ ਥੋੜੇ ਹਤੈਸ਼ੀ ਆਂ, ਜਨਮ ਤੋਂ ਲੈ ਕੇ ਮਰਨ ਤੱਕ ਕੀਤੀਆਂ ਜਾਂਦੀਆਂ ਰਸਮਾਂ ਸਾਡੇ ਤੋਂ ਬਿਨਾਂ ਪੂਰੀਆਂ ਨਹੀਂ ਹੁੰਦੀਆਂ... ਕਿਉਂ ਮਨ 'ਚ ਕਾਹਲ ?ੀ ਪੈ ਰਹੀ ਐ ਨਾ, ਜਦੋਂ ਸਚਾਈ ਨਾਲ ? ਸਾਹਮਣਾ ਹੁੰਦੈ ਤਾਂ ਖਲਬਲੀ ਤਾਂ ਮੱਚਦੀ ਹੀ ਐ।

ਮੈਂ ਉਸਦੀਆਂ ਗੱਲਾਂ ਸੁਣ ਕੇ ਨਿਰਉੱਤਰ ਹੋ ਗਿਆ ਕਿਉਂਕਿ ਅਸੀਂ ਵਿਕਾਸ ਦੇ ਨਾਂ ਤੇ ਕੁਦਰਤ ਨਾਲ ? ਬਹੁਤ ਵੱਡਾ ਖਿਲਵਾੜ ਕੀਤਾ ਹੈ। ਜਿਸ ਦਾ ਹਰਜਾਨਾ ਅਸੀਂ ਨਾਮੁਰਾਦ ਬੀਮਾਰੀਆਂ ਦੇ ਰੂਪ ਵਿੱਚ ਭਰ ਰਹੇ ਹਾਂ।

ਮੈਂ ਡਰਦੇ-ਡਰਦੇ ਨੇ ਕਿਹਾ, " ਹਾਂ ਇਹ ਸਭ ਸੱਚ ਹੈ।

"ਜੇ ਸੱਚ ਹੈ ਤਾਂ ਫਿਰ ਕਿਉਂ ਆਪਣੀਆਂ ਜੜ੍ਹਾਂ 'ਤੇ ਕੁਹਾੜੇ ਮਾਰਦੇ ਓ, ਥੋੜ੍ਹੀ ਅਕਲ ਕਰੋ ਸਾਡੇ ਤੋਂ ਬਿਨਾਂ ਸ਼ੁੱਧ ਹਵਾ ਕਿੱਥੋਂ ਲਮੋਂਗੇ, ਜੇ ਸਾਡੀ ਹੋਂਦ ਐ ਤਾਂ ਹੀ ਥੋਨੂੰ ਸਾਹ ਲੈਣ ਲਈ ਆਕਸੀਜਨ ਮਿਲਦੀ ਐ,ਨਹੀਂ ਤਾਂ ਪਲ ?-ਭਰ ਵਿੱਚ ਦਮ ਘੁੱਟ ਕੇ ਗੱਡੀ ਚੜ੍ਹਜੋਂਗੇ।"ਉਸ ਨੇ ਸਚਾਈ ਬਿਆਨ ਕੀਤੀ।

ਸੱਚੀਆਂ ਗੱਲਾਂ ਸੁਣ ਕੇ ਮੇਰੀਆਂ ਅੱਖਾਂ ਖੁੱਲ੍ਹ ਗਈਆਂ। ਮੈਂ ਆਪਣਾ ਸਾਈਕਲ ਚੁੱਕਿਆ, ਝੋਲੇ ਵਿੱਚ ਖ਼ਾਲੀ ਬੋਤਲ ਪਾਈ ਤੇ ਚੱਲਣ ਲੱਗਿਆ।

÷ਜਾਂਦਾ-ਜਾਂਦਾ ਇੱਕ ਗੱਲ ਹੋਰ ਸੁਣ ਜਾ। ਪਹਿਲਾਂ ਥੋੜੇ ਬਜ਼ੁਰਗ ਆਪਣੀ ਔਲਾਦ ਵਾਂਗ ਸਾਡਾ ਖਿਆਲ ਰੱਖਦੇ ਸਨ। ਉਹ ਸਿਆਣੇ ਸੀ ਉਨ੍ਹਾਂ ਨੂੰ ਪਤਾ ਸੀ ਕਿ ਸਾਡੀ ਹੋਂਦ ਦੇ ਨਾਲ ? ਹੀ ਉਨ੍ਹਾਂ ਦੀ ਹੋਂਦ ਕਾਇਮ ਹੈ। ÷ ਕੁੱਝ ਕੁ ਕਦਮਾਂ ਦੇ ਫ਼ਰਕ ਨਾਲ ? ਇੱਕ ਕੱਲਮਕੱਲੀ ਖੜੀ ਡੇਕ(ਧਰੇਕ)ਦੀਆਂ ਟਾਹਣੀਆਂ ਹਿੱਲੀਆਂ ਜਿਵੇਂ ਉਸ ਨੇ ਇਸ ਗੱਲ ਦੀ ਹਾਮੀ ਭਰੀ ਹੋਵੇ। ਇੱਕ ਹਵਾ ਦੇ ਬੁੱਲ੍ਹੇ ਨਾਲ ? ਬੋਹੜ ਦੇ ਚੌੜੇ ਪੱਤੇ ਵੀ ਹਿੱਲੇ ਮੰਨੋ ਉਸ ਦੇ ਹਾਅ ਦੇ ਨਾਅਰੇ ਲਈ ਧੰਨਵਾਦ ਕਰਦੇ ਹੋਣ ਤੇ ਫਿਰ ਅੱਗੇ ਉਸ ਨੇ ਆਪਣੀ ਗੱਲ ਕਹਿਣੀ ਸ਼ੁਰੂ ਕੀਤੀ ÷ਪਿੰਡਾਂ ਦੀਆਂ ਸਾਰੀਆਂ ਸਾਂਝੀਆਂ ਥਾਵਾਂ 'ਤੇ ਜਿੱਥੇ ਆਉਂਦੇ ਜਾਂਦੇ ਰਾਹੀ ਪਲ ਭਰ ਲਈ ਰੁਕਦੇ ਹੋਣ ਉਨ੍ਹਾਂ ਥਾਵਾਂ 'ਤੇ ਬਰਸਾਤਾਂ ਦੇ ਮੌਸਮ ਵਿੱਚ ਉਹ ਛਾਂ ਦਾਰ ਰੁੱਖ ਲਾਉਂਦੇ ਸਨ। ਉਹ ਤੁਹਾਡੇ ਵਰਗੇ ਆਧੁਨਿਕ ਕਹਾਉਣ ਵਾਲਿਆਂ ਤੋਂ ਕਈ ਗੁਣਾ ਸਿਆਣੇ ਤੇ ਸਮਝਦਾਰ ਸਨ ਕਿ ਇਹ ਅਸੀਂ ਹੀ ਹਾਂ ਜੋ ਵਾਤਾਵਰਨ ਨੂੰ ਸ਼ੁੱਧ ਕਰਕੇ ਥੋੜੇ ਜੀਵਨ ਦਾ ਆਧਾਰ ਬਣਦੇ ਹਨ।÷

ਕੁੱਝ ਚਿਰ ਲਈ ਆਵਾਜ਼ ਬੰਦ ਹੋ ਗਈ ਜਿਵੇਂ ਗੱਚ ਭਰ ਗਿਆ ਹੋਵੇ। ਉੱਪਰ ਬੈਠੇ ਪੰਛੀ ਆਪਣੇ ਆਲ੍ਹਣਿਆਂ ਚੋਂ ਬਾਹਰ ਨਿਕਲ ? ਕੇ ਆਪਣੀ ਬੋਲੀ 'ਚ ਚੀਕਦੇ ਹੋਏ ਜਿਵੇਂ ਉਸ ਨੂੰ ਦਿਲਾਸਾ ਦਿੰਦੇ ਪ੍ਰਤੀਤ ਹੋਏ। ਬੋਹੜ ਨੇ ਦੁਬਾਰਾ ਬੋਲਣਾ ਸ਼ੁਰੂ ਕੀਤਾ ਤੇ ਸਾਰੀ ਬਨਸਪਤੀ ਦਾ ਦਰਦ ਬਿਆਨ ਕਰਦਿਆਂ ਕਿਹਾ,÷ਜੇ ਤੁਸੀਂ ਆਪਣੀਆਂ ਆਉਣ ਵਾਲੀਆਂ ਨਸਲਾਂ ਨੂੰ ਬਚਾਉਣਾ ਚਾਹੁੰਦੇ ਹੋ ਤਾਂ ਇਸ ਉਜਾੜੀ ਜਾ ਰਹੀ ਹਰਿਆਵਲ ਨੂੰ ਬਚਾਉਣ ਲਈ ਅੱਗੇ ਆਉ। ਮੇਰਾ ਇਹ ਸੁਨੇਹਾ ਘਰ-ਘਰ ਪਹੁੰਚਾ ਦੇਈਂ ਸ਼ਾਇਦ ਤੁਸੀਂ ਆਪਣੀਆਂ ਆਉਣ ਵਾਲੀਆਂ ਨਸਲਾਂ ਨੂੰ ਬਚਾ ਸਕੋਂ ।"ਇੰਨਾ ਕਹਿ ਕੇ ਬੋਹੜ ਚੁੱਪ ਹੋ ਗਿਆ। ਉਸ ਨੇ ਆਪਣੇ ਦਿਲ ਦਾ ਕੁੱਝ ਗੁਬਾਰ ਕੱਢ ਲਿਆ ਪਰ ਅਜੇ ਹੋਰ ਵੀ ਉਸ ਅੰਦਰ ਪਤਾ ਨਹੀਂ ਕਿੰਨਾ ਦਰਦ ਲੁਕਿਆ ਪਿਆ ਸੀ।

ਮੈਂ ਗੁੰਮ-ਸੁੰਮ ਕੁੱਝ ਚਿਰ ਉੱਥੇ ਇਸ ਦਰਵੇਸ਼ ਤੇ ਬੇਵਸ ਬੋਹੜ ਵੱਲ ਦੇਖਦਾ ਰਿਹਾ। ਫਿਰ ਸਾਈਕਲ ਚੁੱਕਿਆ ਤੇ ਪਿੰਡ ਵੱਲ ਚੱਲ ਪਿਆ। ਰਾਤ ਨੂੰ ਮੰਜੇ 'ਤੇ ਪਿਆਂ ਅੱਜ ਥੋੜ੍ਹਾ ਚਿਰ ਹੀ ਅੱਖ ਲੱਗੀ ਬਾਕੀ ਸਾਰੀ ਰਾਤ ਪਾਸੇ ਮਾਰਦਿਆਂ ਹੀ ਲੰਘ ਗਈ। ਸਵੇਰੇ ਰੋਜ਼ ਦੀ ਤਰ੍ਹਾਂ ਆਪਣਾ ਸਾਈਕਲ ਚੁੱਕਿਆ ਤੇ ਸ਼ਹਿਰ ਵੱਲ ਚੱਲ ਪਿਆ। "ਔਹ ਜੋ ਆ ਰਿਹੈ ਮੈਨੂੰ ਲੱਗਦੈ ਕੱਲ੍ਹ ਆਲ ?ਾ ਬੰਦਾ ਈ ਐ "ਬੋਹੜ ਨੇ ਆਪਣੇ ਆਪ ਨੂੰ ਕਿਹਾ । ਹੌਲੀ-ਹੌਲੀ ਸਾਈਕਲ ਨੇੜੇ ਆ ਰਿਹਾ ਸੀ ਪਰ ਜਿਉਂ ਹੀ ਉਸ ਦੇ ਨੇੜੇ ਆਇਆ ਤਾਂ ਇਹ ਤੇਜ਼ ਹੋ ਗਿਆ।ਸਾਈਕਲ ਸਵਾਰ ਬੋਹੜ ਨਾਲ ? ਬਿਨਾਂ ਨਜ਼ਰਾਂ ਮਿਲਾਏ ਨੀਵੀਂ ਪਾ ਕੇ ਫਟਾਫਟ ਲੰਘ ਗਿਆ। "ਸਾਰੇ ਲੋਕ ਇੱਕੋ ਨਾਲ ? ਦੇ ਹੁੰਦੇ ਨੇ ਇਹ ਵੀ ਉਨ੍ਹਾਂ ਵਿਚੋਂ ਈ ਐ, ਮੈਂ ਵੀ ਕਿਸ ਕੋਲ ? ਆਪਣਾ ਦੁਖੜਾ ਰੋਇਆ ਜਿਸ ਦੀ ਅੱਜ ਮੇਰੇ ਨਾਲ ? ਨਜ਼ਰ ਮਿਲਾਉਣ ਦੀ ਹਿੰਮਤ ਵੀ ਨਾ ਹੋਈ "ਬੋਹੜ ਇਸ ਗੱਲ 'ਤੇ ਬਹੁਤ ਮਾਯੂਸ ਹੋਇਆ।

ਸ਼ਾਮ ਨੂੰ ਦਿਹਾੜੀ ਲਾ ਕੇ ਉਹ ਸਾਈਕਲ ਸਵਾਰ ਵਾਪਸ ਮੁੜਿਆ ਆ ਰਿਹਾ ਸੀ। ਆਉਂਦੇ ਹੋਏ ਉਹ ਬੋਹੜ ਦੇ ਨੇੜੇ ਆ ਕੇ ਹੌਲ ?ੀ ਹੋ ਗਿਆ ਉਸ ਦੇ ਸਾਈਕਲ ਤੇ ਬੂਟੇ ਲੱਦੇ ਹੋਏ ਸਨ ।ਉਹ ਅੱਜ ਆਪਣੀ ਸਾਰੀ ਦਿਹਾੜੀ ਦੇ ਬੂਟੇ ਖਰੀਦ ਲਿਆਇਆ ਸੀ। ਹੁਣ ਉਸ ਦੀਆਂ ਨਜ਼ਰਾਂ ਝੁਕੀਆਂ ਨਹੀਂ ਬਲਕਿ ਉਨ੍ਹਾਂ ਵਿੱਚ ਖੁਸ਼ੀ ਝਲਕ ਰਹੀ ਸੀ ਤੇ ਉਹ ਬੋਹੜ ਵੱਲ ਦੇਖਕੇ ਮੁਸਕਰਾਇਆ ।ਬੋਹੜ ਵੀ ਦੇਖ ਕੇ ਇੱਕ ਵਾਰ ਹੈਰਾਨ ਹੋਇਆ ਅਤੇ ਉਸ ਨੂੰ ਬਹੁਤ ਖੁਸ਼ੀ ਹੋਈ। ਕਿਧਰੋਂ ਹਵਾ ਦਾ ਬੁੱਲ੍ਹਾ ਆਇਆ ਬੋਹੜ ਦੇ ਪੱਤੇ ਝੂੰਮਣ ਲੱਗੇ ਜਿਵੇਂ ਹੱਥ ਹਿਲਾ ਕੇ ਮਾਨੋ ਆਪਣੀ ਖੁਸ਼ੀ ਦਾ ਇਜ਼ਹਾਰ ਕਰਦੇ ਹੋਣ।

ਜ਼ਿੰਦਗੀ ਦਾ ਤਜ਼ਰਬਾ ਹੁੰਦਾ ਬਜ਼ੁਰਗਾਂ ਕੋਲ

ਹਰਪ੍ਰੀਤ ਪੱਤੋ
94658-21417

ਸਿਆਣਿਆਂ ਦਾ ਕਥਨ ਹੈ। ÷ਜ਼ਿੰਦਗੀ ਚ' ਲੱਗੀਆਂ ਠੋਕਰਾਂ, ਬੰਦੇ ਨੂੰ ਪਿਛਲੀ ਉਮਰ 'ਚ ਤਜਰਬੇਕਾਰ ਬਣਾ ਦਿੰਦੀਆਂ÷।

ਅਕਲ ਬਦਾਮ ਖਾਣ ਨਾਲ ਨਹੀਂ ਠੋਕਰਾਂ ਖਾਣ ਨਾਲ ਆਉਂਦੀ ਹੈ।

ਐਵੇਂ ਸਾਡੇ ਬੁੱਢਿਆਂ ਨੇ ਦਾਹੜੀਆਂ ਚਿੱਟੀਆਂ ਧੁੱਪੇ ਬੈਠ ਕੇ ਨਹੀਂ ਕੀਤੀਆਂ ਹੁੰਦੀਆਂ।

ਜ਼ਿੰਦਗੀ ਦਾ ਇੱਕ ਇੱਕ ਪਲ ਦੁੱਖ਼ ਸੁੱਖ ਵਿੱਚ ਦੀ ਲੰਘਾਇਆ ਹੁੰਦਾ।

ਅੱਜ ਕੋਈ ਪੜ੍ਹ ਲਿਖ ਕੇ ਕਿੰਨਾਂ ਸਮਝਦਾਰ ਆਪਣੇ ਆਪ ਨੂੰ ਅਖਵਾਵੇ, ਪਰ ਜਿਹੜੀਆਂ ਗੱਲਾਂ ਦਾ ਪਰੈਕਟੀਕਲ ਬਜ਼ੁਰਗਾਂ ਕੋਲ ਹੁੰਦਾ, ਉਹ ਥਿਊਰੀ ਵਿੱਚ ਨਹੀਂ ਹੁੰਦਾ ਕਿਉਂਕਿ ਜਿੰਨਾਂ ਨੇ ਜ਼ਿੰਦਗੀ ਵਿੱਚ ਘਾਲਣਾ ਘਾਲੀਆਂ ਕਿਤਾਬਾਂ ਵੀ ਉਹਨਾਂ ਦੇ ਤਜਰਬਿਆਂ ਦੇ ਆਧਾਰ ਤੇ ਵਿਦਵਾਨਾਂ ਵੱਲੋਂ ਲਿਖੀਆਂ ਹੁੰਦੀਆ। ਕੋਈ ਨੌਜਵਾਨ ਪੈਸੇ ਵਿੱਚ ਅਮੀਰ ਹੋ ਸਕਦਾ ਸਰੀਰਕ ਪੱਖੋਂ ਤਕੜਾ ਹੋ ਸਕਦਾ। ਪਰ ਸਾਡੇ ਵੱਡਿਆਂ ਨਾਲੋ ਜਿਆਦਾ ਸਿਆਣਾ ਨਹੀਂ ਹੋ ਸਕਦਾ। 'ਇੱਕ ਬਹੁਤ ਵੱਡਾ ਵਿਦਵਾਨ ਸੀ, ਤੇ ਅਮੀਰ ਵੀ ਬਹੁਤ , ਪਰ ਜਦੋਂ ਕੋਈ ਕਹਾਣੀ ਲਿਖਦਾ ਤਾਂ ਹੱਦ ਦਰਜੇ ਦੀ ਗ਼ਰੀਬੀ ਬਾਰੇ ਲਿਖਦਾ। ਕਿਸੇ ਨੇ ਉਸ ਨੂੰ ਸਵਾਲ ਕੀਤਾ ! ਕਿ ÷ਤੁਹਾਡੀਆਂ ਲਿਖਤਾਂ ਤੋਂ ਇਸ ਤਰ੍ਹਾਂ ਮਹਿਸੂਸ ਹੁੰਦਾ, ਕਿ ਤੁਸੀਂ ਜਿਵੇਂ ਬਹੁਤ ਗਰੀਬੀ ਹੰਢਾਈ ਹੋਵੇ÷। ਉਹ ਕਹਿੰਦਾ ÷ਨਹੀਂ ਮੈਂ ਅਮੀਰ ਵਿਅਕਤੀ ਹਾਂ÷। ਉਹ ਪਾਠਕ ਬੋਲਿਆ ÷ਜੋ ਰਸ ਤੇਰੀ ਕਹਾਣੀ ਵਿੱਚੋਂ ਆਉਣਾ ਚਾਹੀਦਾ ਸੀ। ਉਹ ਨਹੀਂ ਆਇਆ। ਕਿਉਂ ਕਿ ਬਿੰਨਾਂ ਤਜਰਬੇ ਕੀਤੇ ਤੋਂ ਲਿਖੀ ਲਿਖਤ ਤਾਂ ਨਕਲ ਮਾਰਨ ਵਾਲੀ ਗੱਲ ਹੁੰਦੀ ਹੈ÷। ਜੋ ਅੱਜ ਪੁਰਾਣੇ ਬੰਦਿਆਂ ਤੋਂ ਸਾਨੂੰ ਗੱਲਾਂ ਸੁਣਨ ਨੂੰ ਮਿਲਦੀਆਂ, ਉਹ ਤੁਹਾਨੂੰ ਕਿਸੇ ਕਿਤਾਬ ਵਿੱਚ ਵੀ ਨਹੀਂ ਮਿਲਣੀਆਂ। ਸਿਆਣੇ ਬਜ਼ੁਰਗ ਤਾਂ ਇੱਕ ਜਿਉਂਦੇ ਜਾਗਦੇ ਵੈਦ ਹਨ। ਜਿੰਨਾਂ ਦੇ ਕੋਲ ਬੈਠ ਬੜਾ ਕੁਝ ਸਿੱਖਿਆ ਜਾ ਸਕਦਾ। ਅੱਜ ਸਾਡੇ ਤੇ ਡਿਜੀਟਲ ਜ਼ਮਾਨੇ ਦਾ ਭੂਤ ਸਵਾਰ ਹੋਇਆ ਪਿਆ ਮੋਬਾਇਲਾਂ ਨੇ ਸਾਨੂੰ ਸਾਡੇ ਬਜ਼ੁਰਗਾਂ ਦੀ ਬੁੱਕਲ ਦੇ ਨਿੱਘ ਤੋਂ ਬਹੁਤ ਦੂਰ ਕਰ ਦਿੱਤਾ। ਇਸ ਕਰਕੇ ਬਜ਼ੁਰਗਾਂ ਦੀ ਗਿਣਤੀ ਬਿਰਧ ਆਸ਼ਰਮਾਂ ਵਿੱਚ ਦਿਨੋਂ ਦਿਨ ਵੱਧ ਰਹੀ ਹੈ।

ਜਦੋ ਕਿ ਘਰ ਵਿੱਚ ਬਜ਼ੁਰਗ ਸਾਡਾ ਸਰਮਾਇਆ ਹਨ। ਜੋ ਆਪਣੀ ਦਿਲ ਦੀ ਫਿਜ਼ਾ ਵਿੱਚ ਬੜੇ ਗਹਿਰੇ ਜ਼ਿੰਦਗੀ ਦੇ ਰਹੱਸ ਛਿਪਾਈ ਬੈਠੇ ਹਨ। ਪਰ ਸੁਣਨ ਵਾਲਾ ਕੋਈ ਨਹੀਂ। ਕਹਿੰਦੇ ? ਇੱਕ ਵਾਰ ਕਿਸੇ ਨੌਜਵਾਨ ਦਾ ਵਿਆਹ ਸੀ। ਉਸ ਨੇ ਕਿਹਾ ਕਿ ਮੈਂ ਆਪਣੀ ਬਰਾਤ ਭਾਵ ਜੰਞ ਪੈਂਟਾ ਕੋਟਾਂ ਵਾਲਿਆਂ ਨੂੰ ਚੜ੍ਹਾਉਣਾ ਨਵੇਂ ਮੁੰਡਿਆਂ ਨੂੰ, 'ਪੁਰਾਣੇ ਬਜ਼ੁਰਗਾਂ ਨੂੰ ਨਹੀਂ। ਉਸ ਦੇ ਬਾਪੂ ਨੇ ਕਿਹਾ ਪੁੱਤ ਸਿਆਣਾ ਬੰਦਾ ਨਾਲ ਚੰਗਾ ਹੁੰਦਾ ਲ ?ੇ ਚਲੋ ਕਾਫ਼ੀ ਸਮਝਾਉਣ ਤੇ ਉਹ ਨੌਜਵਾਨ ਮੰਨ ਗਿਆ। ਕਹਿੰਦਾ ਮੈਂ ਲ ?ੇ ਜਾਊਗਾ ਪ

ਅਸੀਂ ਪਾਣੀ ਪ੍ਰਤੀ ਸੰਵੇਦਨਸੀਲ ਨਹੀਂ ਰਹੇ

ਜੇਕਰ ਅਸੀਂ ਪਾਣੀ ਦੀ ਇਵੇਂ ਹੀ ਦੁਰਵਰਤੋਂ ਕਰਦੇ ਰਹੇ ਅਤੇ ਪਾਣੀ ਦੀ ਸਹੀਂ ਸੰਭਾਲ ਨਾ ਕੀਤੀ ਤਾਂ ਆਉਣ ਵਾਲੇ ਸਮੇਂ ਵਿਚ ਪੀਣ ਵਾਲੇ ਪਾਣੀ ਦਾ ਗਭੀਰ ਸੰਕਟ ਪੈਦਾ ਹੋ ਸਕਦਾ ਹੈ। ਸਾਡਾ ਦੇਸ਼ ਤੇਜੀ ਨਾਲ ਪਾਣੀ ਦੇ ਇਕ ਵੱਡੇ ਸੰਕਟ ਵਲ ਵਧ ਰਿਹਾ ਹੈ।। ਪੰਜਾਬ ਸਮੇਤ ਉਤਰੀ ਭਾਰਤ ਵਿਚ ਜਮੀਨ ਹੇਠਾਂ ਪਾਣੀ ਬੇਹੱਦ ਘਟ ਚੁਕਾ ਹੈ। ਬੇਸੱਕ ਮਨੁੱਖ ਬਾਕੀ ਪ੍ਰਾਣੀਆਂ ਦੇ ਮੁਕਾਬਲੇ ਬਿਹਤਰ ਦਿਮਾਗ ਰੱਖਦਾ ਹੈ ਅਤੇ ਆਪਣੇ ਭਵਿੱਖ ਬਾਰੇ ਸੋਚ ਸਕਦਾ ਹੈ ਪਰ ਜਾਪਦਾ ਹੈ ਕਿ ਭ੍ਰਿਸਟ ਪੂੰਜੀਵਾਦੀ ਮਾਡਲ ਨੇ ਸਾਡੀ ਸੋਚ ਹੀ ਮਾਰ ਦਿੱਤੀ ਹੈ। ਅਸੀਂ ਆਪਣੇ ਆਲੇ-ਦੁਆਲੇ ਵਜਦੀਆਂ ਖਤਰੇ ਦੀਆਂ ਘੰਟੀਆਂ ਹਾਲੇ ਵੀ ਨਹੀਂ ਸੁਣ ਰਹੇ।

ਪੰਜਾਂ ਪਾਣੀਆਂ ਦੀ ਧਰਤੀ ਵਜੋਂ ਜਾਣੇ ਜਾਂਦੇ ਸੂਬੇ ਪੰਜਾਬ 'ਚ ਕੁਦਰਤੀ ਪਾਣੀ ਦੇ ਡਿੱਗਦੇ ਪੱਧਰ ਨੂੰ ਵੇਖਦਿਆਂ ਕੇਂਦਰੀ ਭੂ-ਜਲ ਬੋਰਡ ਵੱਲੋਂ ਸੂਬੇ ਦੇ 146 ਬਲਾਕਾਂ 'ਚੋਂ 115 ਨੂੰ ਕਾਲੇ ਖੇਤਰ ਵਾਲੇ ਜੋਨ ਐਲਾਨਿਆ ਗਿਆ ਹੈ . ਧਰਤੀ ਹੇਠਲੇ ਜਲ-ਭੰਡਾਰਾਂ ਵਿਚ ਪਾਣੀ ਲਗਾਤਾਰ ਘਟ ਰਿਹਾ ਹੈ ਕਿਉਂਕਿ ਇਕ ਪਾਸੇ ਧਰਤੀ ਵਿਚੋਂ ਬੇਹਤਾਸ਼ਾਂ ਪਾਣੀ ਕਢਿਆ ਜਾ ਰਿਹਾ ਹੈ। ਦੂਜੇ ਪਾਸੇ ਦਰਖਤਾਂ ਦੀ ਅਨ੍ਹੇਵਾਹ ਕਟਾਈ ਅਤੇ ਜੰਗਲਾਂ ਹੇਠ ਰਕਬਾ ਦਿਨੋ-ਦਿਨ ਘਟ ਰਿਹਾ ਹੈ, ਜਿਸ ਕਾਰਨ ਮੀਂਹ ਪੈਣੇ ਬਹੁਤ ਘਟ ਗਏ ਹਨ। ਮੀਂਹ ਘਟਣ ਕਰਕੇ ਖੇਤੀ ਵੀ ਜਿਆਦਾਤਰ ਧਰਤੀ ਹੇਠਲੇ ਪਾਣੀ ਨਾਲ ਹੀ ਕੀਤੀ ਜਾਣ ਲਗੀ ਹੈ। ਪੰਜਾਬ ਵਿੱਚ ਇਸ ਸਮੇਂ ਪਾਣੀ ਦੀ ਪ੍ਰਾਪਤੀ ਲਈ ਬੋਰ ਕਿਤੇ 400 ਫੁੱਟ ਤੇ ਕਿਤੇ 600 ਫੁੱਟ ਤੱਕ ਵੀ ਹੋ ਰਹੇ ਹਨ। ਜਦਕਿ ਪਾਣੀ ਦਿਨੋ-ਦਿਨ ਥੱਲੇ ਹੀ ਜਾ ਰਿਹਾ ਹੈ। ਪੰਜਾਬ ਦੀ ਖੁਸ਼ਹਾਲੀ ਸਿਰਫ ਤੇ ਸਿਰਫ ਪਾਣੀ 'ਤੇ ਹੀ ਨਿਰਭਰ ਕਰਦੀ ਹੈ, ਜੇਕਰ ਇਹ ਦਾਤ ਵੀ ਪੰਜਾਬ ਤੋਂ ਖੋਹ ਲਈ ਜਾਵੇ ਤਾ ਪੰਜਾਬ ਨੂੰ ਬਰਬਾਦ ਹੋਣ ਤੋਂ ਕੋਈ ਨਹੀਂ ਬਚਾ ਪਾਏਗਾ।

ਕਈ ਥਾਵਾਂ ਉੱਤੇ ਕਾਰਖਾਨਿਆਂ ਵਾਲੇ ਜਮੀਨ ਵਿੱਚ ਟੋਏ ਪੁੱਟ ਕੇ ਗੰਦੇ ਪਾਣੀ ਨੂੰ ਜਮੀਨੀ ਪਾਣੀ ਵਿੱਚ ਮਿਲਾ ਰਹੇ ਹਨ, ਜਿਸ ਨਾਲ ਜਮੀਨ ਹੇਠਲਾ ਪਾਣੀ ਵੀ ਤੇਜੀ ਨਾਲ ਜਹਿਰੀਲਾ ਹੋ ਰਿਹਾ ਹੈ। ਨਹਿਰਾਂ, ਸੂਇਆਂ ਵਿੱਚ ਵੀ ਤੇਜਾਬੀ ਪਾਣੀ ਵਗਦਾ ਰਹਿੰਦਾ ਹੈ। ਇਸ ਤੋਂ ਇਲਾਵਾ ਖੇਤੀ ਲਈ ਵਰਤੇ ਜਾ ਰਹੇ ਜਹਿਰ ਵੀ ਪਾਣੀ ਦੇ ਸੋਮਿਆਂ ਨੂੰ ਜਹਿਰੀਲਾ ਕਰ ਰਹੇ ਹਨ। ਇਕ ਅੰਦਾਜੇ ਮੁਤਾਬਕ ਵਧੇਰੇ ਲੋਕ ਪੀਣ ਲਈ ਸੀਵਰੇਜ ਨਾਲ ਪ੍ਰਦੂਸ਼ਿਤ ਪਾਣੀ ਦੀ ਵਰਤੋਂ ਕਰ ਰਹੇ ਹਨ, ਜਿਸ ਨਾਲ ਹੈਜਾ, ਟਾਈਫਡ, ਪੇਚਸ ਆਦਿ ਬਿਮਾਰੀਆਂ ਕਾਰਨ ਹਰ ਸਾਲ ਮੌਤਾਂ ਦੀ ਗਿਣਤੀ ਵੱਧ ਰਹੀ ਹੈ . ਵਿਸਵ ਪੱਧਰ 'ਤੇ ਤਕਰੀਬਨ 40000-60000 ਵਰਗ ਕਿੱਲੋਮੀਟਰ ਰਕਬੇ ਵਿੱਚ ਪ੍ਰਦੂਸਤ ਪਾਣੀ ਸਿੰਚਾਈ ਲਈ ਵਰਤਿਆ ਜਾਂਦਾ ਹੈ, ਜੋ ਕਿਸਾਨਾਂ ਤੇ ਖਪਤਕਾਰਾਂ ਦੀ ਸਿਹਤ ਲਈ ਖਤਰਨਾਕ ਹੈ। ਜਦਕਿ ਦੁਜੇ ਪਾਸੇ ਅੱਜ ਅਜਿਹੀ ਤਕਨੀਕ ਵੀ ਮੌਜੂਦ ਹੈ ਕਿ ਪ੍ਰਦੂਸ਼ਿਤ-ਵਿਅਰਥ ਪਾਣੀ ਨੂੰ ਸੋਧ ਕੇ ਖੇਤੀ ਲਈ ਵਰਤਿਆ ਜਾ ਸਕਦਾ ਹੈ।

ਵਿਸ਼ਵ ਵਿੱਚ ਪਾਣੀ ਦੀ ਕੀ ਮਹੱਤਤਾ ਹੈ ਇਸਦਾ ਅੰਦਾਜ਼ਾ ।ਹੁਣ ਪੰਜਾਬ ਤੀਜੀ ਪਰਤ, ਜੋ ਕਿ 350 ਫੁੱਟ ਤੋਂ ਵੱਧ ਡੂੰਘੀ ਹੈ, ਨੂੰ ਵਰਤ ਰਿਹਾ ਹੈ ਜੋ ਕਿ ਅਗਲੇ ਦਹਾਕੇ ਤੱਕ ਖਾਲੀ ਹੋ ਜਾਵੇਗੀ। ਇਸ ਪਰਤ ਵਿਚਲੇ ਪਾਣੀ ਦੇ ਖਤਮ ਹੋਣ ਨਾਲ ਪੰਜਾਬ ਦੇ ਪਾਣੀ ਦੀਆਂ ਆਖਰੀ ਘੁੱਟਾਂ ਵੀ ਖਤਮ ਹੋ ਜਾਣਗੀਆਂ। ਕਰੋੜਾਂ ਤੋਂ ਲੱਖਾਂ ਦੀ ਹੋਈ ਜਮੀਨ ਆਉਣ ਵਾਲੇ ਸਮੇਂ ਵਿੱਚ ਹਜਾਰਾਂ ਦੀ ਵੀ ਨਹੀਂ ਰਹੇਗੀ। ਸਾਇੰਸ ਅਨੁਸਾਰ ਤਿੰਨਾਂ ਪਰਤਾਂ ਵਿੱਚੋ ਕੇਵਲ ਉਪਰਲੀ ਪਰਤ ਹੀ ਮੀਂਹ ਅਤੇ ਦਰਿਆਈ ਪਾਣੀ ਨਾਲ ਕੁੱਝ ਕੁੱਝ ਭਰ ਸਕਦੀ ਹੈ। ਜੇ ਪਾਣੀ ਭਰ ਵੀ ਜਾਵੇ ਤਾਂ ਵੀ ਇਹ ਪਾਣੀ ਕਈ ਦਹਾਕਿਆਂ ਤੱਕ ਪੀਣ ਯੋਗ ਨਹੀਂ ਹੋਵੇਗਾ।

ਪਾਣੀ ਦੇ ਸੰਕਟ ਨੂੰ ਲੈਕੇ ਦੁਨੀਆ ਭਰ ਦੇ ਵਿਗਿਆਨੀ ਕਈ ਦਹਾਕਿਆਂ ਤੋਂ ਚੇਤਾਵਨੀਆਂ ਦੇ ਰਹੇ ਹਨ ਕਿ ਖੇਤੀ ਅਤੇ ਉਦਯੋਗ ਦਰਿਆਈ ਪਾਣੀਆਂ ਨਾਲ ਕੀਤਾ ਜਾਵੇ ਕਿਉਂਕਿ ਧਰਤੀ ਹੇਠਲਾ ਪਾਣੀ ਮਨੁੱਖੀ ਜੀਵਨ ਲਈ ਅਤਿ ਜਰੂਰੀ ਹੈ। ਦਰਿਆਈ ਪਾਣੀ ਵਿੱਚ ਸੌ ਤੋਂ ਵੱਧ ਤਰਾਂ ਦੇ ਵੱਖ ਵੱਖ ਅਤੇ ਹੁੰਦੇ ਹਨ, ਜੋ ਕਿ ਕੁਦਰਤੀ ਤੌਰ ਉੱਤੇ ਵਧੀਆ ਫਸਲਾਂ ਲਈ ਧਰਤੀ ਨੂੰ ਉਪਜਾਊ ਬਣਾ ਕੇ ਰੱਖਦੇ ਹਨ। ਪਰ ਪੰਜਾਬ ਦੇ ਦਰਿਆਵਾਂ ਦਾ ਕੀਮਤੀ ਪਾਣੀ ਹਰ ਸਾਲ ਅਜਾਈਂ ਵਹਿ ਜਾਂਦਾ ਹੈ। ਜਿਸ ਕਾਰਨ ਕਿਸਾਨ ਧਰਤੀ ਹੇਠਲਾ ਪਾਣੀ ਵਰਤਣ ਲਈ ਮਜਬੂਰ ਹਨ। ਪੰਜਾਬ ਦੇ 13 ਲੱਖ ਟਿਊਬਵੈਲ ਪੰਜਾਬ ਨੂੰ ਲਗਾਤਾਰ ਖਾਤਮੇ ਵੱਲ ਲਿਜਾ ਰਹੇ ਹਨ। ਪੰਜਾਬ ਕੇਵਲ ਰੇਗਿਸਤਾਨ ਹੀ ਨਹੀਂ ਬਲਕਿ ਜਹਿਰੀਲਾ ਰੇਗਿਸਤਾਨ ਬਣਨ ਵੱਲ ਵਧ ਰਿਹਾ। ਅਜਿਹੇ ਹਾਲਾਤਾਂ ਵਿੱਚ ਕਿਸਾਨਾਂ ਨੂੰ 'ਝੋਨਾ ਲਾਉਣ' ਵਰਗੇ ਦੋਸ ਲਾ ਕੇ ਅਸਲੀ ਦੋਸੀਆਂ ਨੂੰ ਬਰੀ ਨਹੀਂ ਕੀਤਾ ਜਾ ਸਕਦਾ।

ਪੰਜਾਬ, ਹਰਿਆਣਾ, ਦਿਲੀ, ਰਾਜਸਥਾਨ ਆਦਿ ਭਾਰਤ ਦੇ ਰਾਜਾ ਵਿਚ ਪਾਣੀ ਨੂੰ ਲੈ ਕੇ ਅਕਸਰ ਰਾਜਨੀਤਕ ਜੰਗ ਚਲਦੀ ਰਹਿੰਦੀ ਹੈ। ਜੋ ਆਉਣ ਵਾਲੇ ਸਮੇਂ ਵਿੱਚ ਗੰਭੀਰ ਰੂਪ ਧਾਰਨ ਕਰ ਸਕਦੀ ਹੈ। ਯੂ.ਐਨ.ਓ. ਦੀ ਇਕ ਰਿਪੋਰਟ ਵਿੱਚ ਇਹ ਪ੍ਰਗਟਾਵਾ ਹੋਇਆ ਹੈ ਕਿ ਜੇ ਸੰਸਾਰ ਦੀ 'ਤੀਜੀ ਵਿਸ਼ਵ ਜੰਗ' ਹੋਈ ਤਾਂ ਉਹ 'ਪਾਣੀਆਂ' ਦੇ ਮਸਲੇ 'ਤੇ ਹੀ ਹੋਵੇਗੀ। ਪਾਣੀ ਤੋਂ ਬਿਨਾਂ ਜੀਵਨ ਅਸੰਭਵ ਹੈ। ਪਾਣੀ ਕੁਦਰਤ ਦੀ ਅਨਮੋਲ ਦੇਣ ਹੈ ਅਤੇ ਇਸਦੀ ਸੰਭਾਲ ਆਪਣੀ ਅਣਸਰਦੀ ਲੋੜ ਹੈ। ਲੋਕਾਂ 'ਤੇ ਰਾਜ ਕਰਦੀਆਂ ਸਰਕਾਰਾਂ ਆਪਣੇ ਰਾਜਸੀ ਫਾਇਦਿਆਂ ਖਾਤਰ ਪਾਣੀ ਦੀ ਸੰਭਾਲ ਪ੍ਰਤੀ ਕੋਈ ਠੋਸ ਉਪਰਾਲੇ ਨਹੀਂ ਕਰ ਰਹੀਆਂ। ਸਿੱਟੇ ਵਜੋਂ ਵੱਡੇ-ਵੱਡੇ ਕਾਰਖਾਨਿਆਂ ਵਿੱਚੋਂ ਨਿਕਲਦਾ ਅੱਤ ਦਰਜੇ ਦਾ ਦੂਸ਼ਿਤ ਪਾਣੀ ਸ਼ਰੇਆਮ ਸਾਡੇ ਦਰਿਆਵਾਂ ਵਿੱਚ ਸੁੱਟ ਕੇ ਜੀਵਨ ਨੂੰ ਮੌਤ ਦੇ ਰਾਹ ਤੋਰਿਆ ਜਾ ਰਿਹਾ ਹੈ।

ਕੁਦਰਤ ਨਾਲ ਕੀਤੀ ਜਾਂਦੀ ਛੇੜਛਾੜ ਬਹੁਤ ਹਾਨੀਕਾਰਕ ਹੁੰਦੀ ਹੈ। ਮਨੁੱਖ ਦੁਆਰਾ ਕੁਦਰਤੀ ਸੰਤੁਲਨ ਵਿੱਚ ਵਿਗਾੜ, ਪਾਣੀ ਕੱਢਣ 'ਤੇ ਜੋਰ, ਧਰਤੀ ਨੂੰ ਮੁੜ ਸਿੰਜਣ () ਵੱਲ ਬੇਧਿਆਨੀ, ਕੁਦਰਤ ਉੱਤੇ ਹਮਲਾ ਹੈ। ਜਦੋਂ ਮਨੁੱਖ ਕੁਦਰਤ ਉੱਤੇ ਹਮਲਾ ਕਰਦਾ ਹੈ, ਕੁਦਰਤ ਮੋੜਵਾਂ ਹਮਲਾ ਕਰਦੀ ਹੈ। ਮਨੁੱਖ ਤੋਂ ਬਦਲਾ ਲੈਂਦੀ ਹੈ ਅਤੇ ਮੁੜ ਆਪਣਾ ਸੰਤੁਲਨ ਸਥਾਪਤ ਕਰਦੀ ਹੈ ।ਮਨੁੱਖ ਬੇਸੱਕ ਚੰਦ ਤੱਕ ਪਹੁੰਚ ਗਿਆ ਹੈ ਪਰ ਫਿਰ ਵੀ ਕੁਦਰਤ ਤੋਂ ਬਲਵਾਨ ਨਹੀਂ ਹੋ ਸਕਦਾ। ਇਸ ਮਹਾਂਮਾਰੀ ਦੌਰਾਨ ਜਦੋਂ ਸਭ ਕੁੱਝ ਥਮ ਗਿਆ ਹੈ ਤੇ ਮਨੁੱਖ ਘਰਾਂ ਵਿੱਚ ਕੈਦ ਹੋ ਕੇ ਰਹਿ ਗਿਆ ਹੈ ਤਾਂ ਕੁਦਰਤ ਆਪਣੇ ਅਸਲ ਰੰਗ ਵਿੱਚ ਰੰਗੀ ਦਿਖਾਈ ਦੇਣ ਲੱਗੀ ਹੈ। ਵਾਤਾਵਰਨ ਸਾਫ ਹੋਣ ਦੇ ਨਾਲ-ਨਾਲ, ਨਦੀਆਂ, ਨਾਲਿਆਂ ਦੇ ਪਾਣੀ ਦਾ ਰੰਗ ਵੀ ਬਦਲ ਗਿਆ ਹੈ। ਇਹ ਸੱਚ ਹੈ ਕਿ ਕੁਦਰਤ, ਸੰਤੁਲਨ ਦਾ ਨਾਮ ਹੈ। ਜੇ ਇਸ ਭੇਦ ਨੂੰ ਮਨੁੱਖ ਨਹੀਂ ਸਮਝਦਾ ਤਾਂ ਕੁਦਰਤ ਆਪ ਸੰਤੁਲਨ ਬਣਾਉਣ ਲਈ ਹਿਲਜੁਲ ਕਰਦੀ ਹੈ, ਜਿਸ ਦਾ ਹਰਜਾਨਾ ਅਖੀਰ ਮਨੁੱਖ ਨੂੰ ਹੀ ਭਰਨਾ ਪੈਂਦਾ ਹੈ। ਡਾਕਟਰਾਂ ਨੇ ਇਸ ਮਹਾਮਾਰੀ ਤੋਂ ਬੱਚਣ ਲਈ ਹੋਰ ਸਾਵਧਾਨੀਆਂ ਦੇ ਨਾਲ-ਨਾਲ ਹੱਥ ਵੀ ਵਾਰ ਵਾਰ ਧੋਣ ਨੂੰ ਕਿਹਾ ਹੈ। ਜਿਨ੍ਹਾਂ ਕੋਲ ਪੀਣ ਲਈ ਪਾਣੀ ਨਹੀਂ,ਉਹ ਹੱਥ ਕਿਥੋਂ ਧੋ ਸਕਦੇ। ਜਿਨ੍ਹਾਂ ਕੋਲ ਹੈ ਉਥੇ ਪਾਣੀ ਦੀ ਖਪਤ ਵੱਧੀ ਹੈ। ਇਸ ਮਹਾਮਾਰੀ ਰਾਹੀਂ ਸਾਇਦ ਕੁਦਰਤ ਮਨੁੱਖ ਨੂੰ ਉਸ ਦੀਆਂ ਗਲਤੀਆਂ ਦਾ ਅਹਿਸਾਸ ਕਰਾਉਣ ਦੇ ਨਾਲ-ਨਾਲ, ਉਸਨੂੰ ਜੀਵਨ ਲਈ ਪਾਣੀ ਦੀ ਕੀਮਤ ਦੱਸ ਰਹੀ ਹੈ। ਆਪਾਂ ਜਾਣਦੇ ਹਾਂ ਕਿ ਦੁਨੀਆਂ ਵਿਚ ਕਈ ਸਭਿਅਤਾਵਾਂ ਦਾ ਖਾਤਮਾਂ ਪਾਣੀ ਦੇ ਸੰਕਟ ਕਾਰਨ ਹੀ ਹੋਇਆ ਹੈ। ਅੱਜ ਵੀ ਸਾਡੇ ਸਾਹਮਣੇ 'ਅਰਾਲ ਸਾਗਰ' ਦੇ ਸੁੱਕਣ ਦੀ ਉਦਾਹਰਣ ਮੌਜੂਦ ਹੈ। ਇੱਥੇ ਹੀ ਬਸ ਨਹੀ ਝੋਨੇ , ਕਪਾਹ ਦੀ ਪੈਦਾਵਾਰ ਹੋਰ ਵਧਾਉਣ ਲਈ ਅਰਾਲ ਸਾਗਰ ਦਾ ਪਾਣੀ ਵਰਤਣਾ ਸ਼ੁਰੂ ਕਰ ਦਿੱਤਾ ਗਿਆ। ਸਿੱਟੇ ਵਜੋਂ ਇਹ ਸਾਗਰ ਸੰਘੜਦਾ ਚਲਾ ਗਿਆ। ਜਦੋਂ ਸਥਾਨਕ ਸਰਕਾਰਾ ਨੂੰ ਆਪਣੀ ਗਲਤੀ ਦਾ ਇਹਸਾਸ ਹੋਇਆ ਤਾਂ ਉਨਾ ਇਸ ਸਾਗਰ ਨੂੰ ਬਚਾਉਣ ਲਈ ਕਈ ਯੋਜਨਾਵਾ ਬਣਾਈਆ ਪਰ ਉਦੋ ਤੱਕ ਬਹੁਤ ਦੇਰ ਹੋ ਚੁੱਕੀ ਸੀ। ਤਮਾਮ ਕੋਸ਼ਿਸ਼ਾ ਦੇ ਬਾਵਜੂਦ ਵੀ ਸਥਿਤੀ ਤੇ ਕਾਬੂ ਨਹੀ ਪਾਇਆ ਜਾ ਸਕਿਆ। ਸਦੀਆ ਤੋ ਆਪਣੀ ਹੋਂਦ ਕਾਇਮ ਰੱਖਣ ਵਾਲਾ ਇੱਕ ਸਾਗਰ ਕੁਝ ਦਹਾਕਿਆ ਵਿੱਚ ਹੀ ਦਮ ਤੋੜ ਗਿਆ। ਕੁਝ ਇਸ ਤਰਾ ਦੀ ਹੀ ਤਰਾਸਦੀ ਚੋ ਗੁਜਰ ਰਿਹਾ ਹੈ ਪੰਜਾਬ। ਇਸ ਲਈ ਧਰਤੀ ਵਿਚਲੇ ਪਾਣੀ ਦਾ ਤੁਬਕਾ ਤੁਬਕਾ ਮਨੁੱਖੀ ਜੀਵਨ ਲਈ ਬੇਹੱਦ ਕੀਮਤੀ ਅਤੇ ਕੁਦਰਤ ਦਾ ਅਨਮੋਲ ਤੋਹਫਾ ਹੈ। ਪੰਜਾਬ ਦਰਿਆਵਾਂ ਦੀ ਧਰਤੀ ਹੈ ਇੱਥੇ ਕਦੇ ਸੇਮ ਸੀ, ਜਿਸ ਕਾਰਨ ਉਦੋਂ ਸੇਮ ਨਾਲੇ ਕੱਢੇ ਗਏ। ਹੁਣ ਦਰਿਆਵਾਂ ਵਿੱਚ ਵੀ ਪਾਣੀ ਘੱਟ ਹੈ ਅਤੇ ਸੇਮ ਨਾਲੇ ਵੀ ਸੁੱਕੇ ਪਏ ਹਨ। ਜਦਕਿ 240 ਕਿਲੋਮੀਟਰ ਲੰਬਾ ਸਤਿਲੁਜ ਪੰਜਾਬ ਦੇ ਵਿਚਕਾਰੋਂ ਲੰਘਦਾ ਹੈ। ਜੋ ਕੇਵਲ ਬਾਰਸ਼ਾਂ ਵੇਲੇ ਹੀ ਪੰਦਰਾਂ ਦਿਨ ਤੇਜ਼ ਵਗਦਾ ਹੈ, ਮੁੜ ਸਾਰਾ ਸਾਲ ਸੁੱਕਾ ਰਹਿੰਦਾ ਹੈ। ਪਰ ਬਾਰਸਾਂ ਦੌਰਾਨ ਇਹ ਹੜਾਂ ਦਾ ਕਾਰਨ ਵੀ ਬਣ ਜਾਂਦਾ ਹੈ ਤੇ ਆਲੇ-ਦੁਆਲੇ ਵੱਡਾ ਨੁਕਸਾਨ ਕਰਦਾ ਹੈ। ਜੇ ਸਰਕਾਰ ਪਾਣੀ ਸੰਕਟ ਨੂੰ ਵੇਖਦਿਆਂ ਯਤਨ ਕਰੇ ਤਾਂ ਇਸਨੂੰ ਚੌੜਾ ਕਰਕੇ 'ਪਾਣੀ ਭੰਡਾਰ' ( ) ਬਣਾਇਆ ਜਾ ਸਕਦਾ ਹੈ। ਇਸ ਦੀ 15-20 ਫੁੱਟ ਪੁਟਾਈ ਕੀਤੀ ਜਾਵੇ ਅਤੇ ਹਰ ਕਿੱਲੋਮੀਟਰ 'ਤੇ ਪਾਣੀ ਰੋਕਣ ਲਈ ਗੇਟ ਬਣਾਏ ਜਾਣ। ਇਸ ਤਰ੍ਹਾਂ ਕਰਨ ਨਾਲ ਬਾਰਸਾਂ ਦਾ ਪਾਣੀ ਸੰਭਾਲਿਆ ਜਾ ਸਕਦਾ ਹੈ। ਇਹ ਪਾਣੀ ਭੰਡਾਰ ਧਰਤੀ ਨੂੰ ਮੁੜ ਸਿੰਜਣ ਦਾ ਕੰਮ ਵੀ ਕਰੇਗਾ ਅਤੇ ਸਿੰਜਾਈ ਲਈ ਵੀ ਵਰਤਿਆ ਜਾ ਸਕਦਾ ਹੈ। ਇਸਨੂੰ ਆਧੁਨਿਕ ਮੱਛੀ ਪੈਦਾ ਕਰਨ ਦੇ ਸਥਾਨ ਵਜੋਂ ਵੀ ਵਿਕਸਿਤ ਕੀਤਾ ਜਾ ਸਕਦਾ ਹੈ। ਜਿਸ ਰਾਹੀਂ ਵੀ ਪੰਜਾਬ ਵਿੱਚ ਰੁਜ਼ਗਾਰ ਦੇ ਵਸੀਲੇ ਪੈਦਾ ਕੀਤੇ ਜਾ ਸਕਦੇ ਹਨ।

ਇਸੇ ਤਰ੍ਹਾਂ ਸੇਮ ਨਾਲੇ ਜੋ ਕਦੇ ਵਾਧੂ ਪਾਣੀ ਸਮੇਂ ਵਿਕਾਸ ਦੇ ਕੰਮ ਆਏ ਸਨ, ਹੁਣ ਬਦਲੇ ਹਾਲਾਤ ਵਿੱਚ, ਸੋਕੇ ਵੇਲੇ ਡੂੰਘੇ ਕਰਕੇ ਧਰਤੀ ਨੂੰ ਮੁੜ ਸਿੰਜਣ ਦੇ ਕੰਮ ਆ ਸਕਦੇ ਹਨ। ਇਹਨਾਂ ਵਿੱਚ ਪਾਣੀ ਖੜ੍ਹਾ ਕਰਨ ਦੀ ਵਿਉਂਤਬੰਦੀ ਕਰਨ ਦੇ ਨਾਲ, "ਛੋਟੇ ਮੱਛੀ ਘਰ" ਬਣਾਏ ਜਾਣ ਦੀ ਵਿਉਂਤਬੰਦੀ ਵੀ ਕੀਤੀ ਜਾ ਸਕਦੀ ਹੈ। ਇਸੇ ਤਰ੍ਹਾਂ ਪੰਜਾਬ ਵਿੱਚ ਛੱਪੜਾਂ ਦੀ ਵੀ ਨਿਵੇਕਲੀ ਥਾਂ ਹੈ। ਇਨ੍ਹਾਂ ਨੂੰ ਸਵਾਰਨ, ਸੰਭਾਲਣ ਲਈ ਪੰਚਾਇਤਾਂ ਨਾਲ ਮਿਲ ਕੇ ਕੰਮ ਕੀਤਾ ਜਾਣਾ ਚਾਹੀਦਾ ਹੈ। ਇਹ ਪਾਣੀ ਮੁੜ ਸਿੰਜਾਈ ਲਈ ਵਰਤਿਆ ਜਾ ਸਕਦਾ ਹੈ। ਛੱਪੜ, ਸੇਮ ਨਾਲੇ ਅਤੇ ਦਰਿਆਵਾਂ ਵਿੱਚ ਸ਼ਹਿਰਾਂ, ਕਾਰਖਾਨਿਆਂ, ਫੈਕਟਰੀਆਂ ਆਦਿ ਦਾ ਗੰਦਾ ਪਾਣੀ ਪੈਣ ਤੋਂ ਫੌਰੀ ਰੋਕਿਆ ਜਾਵੇ ਅਤੇ ਇਸ ਨੂੰ ਸਖ਼ਤ ਸਜ਼ਾ ਵਾਲਾ ਅਪਰਾਧ ਬਣਾਇਆ ਜਾਵੇ। ਦਰਿਆਵਾਂ, ਨਦੀਆਂ, ਝਰਨਿਆਂ ਅਤੇ ਪਾਣੀ ਦੇ ਹੋਰ ਸਰੋਤਾਂ ਨੂੰ ਕਿਸੇ ਵੀ ਕੀਮਤ ਉੱਤੇ, ਨਿੱਜੀ ਮੁਨਾਫ਼ੇਖੋਰਾਂ ਹਵਾਲੇ ਨਾ ਕੀਤਾ ਜਾਵੇ। ਪਾਣੀ ਜੀਵਨ ਹੈ, ਪਾਣੀ ਦੀ ਸੰਭਾਲ ਸੱਭਿਆ ਮਨੁੱਖ ਦੀ ਜੁੰਮੇਵਾਰੀ ਹੈ। ਆਓ ਸੱਭਿਆ ਮਨੁੱਖ ਬਣੀਏ, ਪਾਣੀ ਦੀ ਸੰਭਾਲ ਕਰੀਏ।"

ਮਾਸਟਰ ਪ੍ਰੇਮ ਸਰੂਪ ਛਾਜਲੀ
9417134982

ਪ੍ਰੀਤ ਫੁਲਵਾੜੀ

ਕਵਿਤਾ

ਪੁੱਤਾਂ ਨਾਲੋਂ ਪਹਿਲਾਂ ਆਵਣ ਧੀਆਂ,
ਮਾਵਾਂ ਨੂੰ ਦੇਖ ਮੁਸਕਾਵਣ ਧੀਆਂ।
ਹਰ ਕੰਮ 'ਚ ਉਨ੍ਹਾਂ ਦਾ ਹੱਥ ਵਟਾ ਕੇ,
ਮਾਪਿਆਂ ਦੇ ਦਿਲਾਂ ਤੇ ਛਾਵਣ ਧੀਆਂ।
ਪਿੱਪਲਾਂ ਥੱਲੇ ਰੌਣਕ ਲੱਗ ਜਾਵੇ,
ਜਦ ਪੀਂਘਾਂ ਚੜ੍ਹਾਵਣ ਧੀਆਂ।
ਵੀਰਾਂ ਦੇ ਗੁੱਟਾਂ ਤੇ ਬਿਨਾਂ ਲਾਲਚ ਤੋਂ,
ਸੋਹਣੀਆਂ ਰੱਖੜੀਆਂ ਸਜਾਵਣ ਧੀਆਂ।
ਪੁੱਤਾਂ ਨਾਲੋਂ ਵੱਧ ਪੜ੍ਹ , ਲਿਖ ਕੇ,
ਉਨ੍ਹਾਂ ਨੂੰ ਰਾਹ ਦਰਸਾਵਣ ਧੀਆਂ।
ਚੰਗੇ, ਚੰਗੇ ਅਹੁਦਿਆਂ ਤੇ ਲੱਗ ਕੇ,
ਆਪਣੇ ਫਰਜ਼ ਨਿਭਾਵਣ ਧੀਆਂ।
ਸਜੇ ਹੋਏ ਪੇਕੇ ਘਰ ਨੂੰ ਛੱਡ ਕੇ,
ਸਹੁਰਾ ਘਰ ਸਜਾਵਣ ਧੀਆਂ।
ਪੇਕੇ ਘਰ ਜੇ ਕੋਈ ਦੁਖੀ ਹੋਵੇ,
ਪੇਕੇ ਘਰ ਝੱਟ ਆਵਣ ਧੀਆਂ।
ਪੁੱਤ ਵੰਡਾਵਣ ਖੇਤ ਤੇ ਦੌਲਤ,
ਪਰ ਦੁੱਖਾਂ ਨੂੰ ਵੰਡਾਵਣ ਧੀਆਂ।

ਮਹਿੰਦਰ ਸਿੰਘ ਮਾਨ
ਸਲੋਹ ਰੋਡ
ਨਵਾਂ ਸ਼ਹਿਰ-9915803554

ਘੁਮੰਡ

ਮਾਣ ਕਿਸੇ ਨੂੰ ਜ਼ਾਤ ਉੱਚੀ ਤੇ,
ਕਿਸੇ ਨੂੰ ਖ਼ੂਬ ਅਮੀਰੀ ਤੇ।
ਰੂਪ-ਰੰਗ ਤੇ ਮਾਣ ਕਿਸੇ ਨੂੰ,
ਕੋਈ ਹੈ ਮਸਤ ਫ਼ਕੀਰੀ ਤੇ।
ਪੜ੍ਹ-ਲਿਖ ਉੱਚਾ ਉੱਡੇ ਕੋਈ,
ਕੁਰਸੀ ਦਾ ਹੰਕਾਰੀ ਏ।
ਕੰਮ ਕਿਸੇ ਨਾ ਆਖ਼ਰ ਆਉਣਾ,
ਨਾਮ ਸੱਚਾ ਨਿਰੰਕਾਰੀ ਏ।
ਆਪਣੀ ਫ਼ੂੰ-ਫ਼ਾਂ ਦੇ ਵਿੱਚ ਰਹਿੰਦਾ,
ਕਹਿੰਦੇ ਲੋਕ ਘੁਮੰਡੀ ਨੇ।
ਐਸੇ ਲੋਕਾਂ ਦੀ ਪਿੱਠ ਪਿੱਛੇ,
ਲੋਕੀਂ ਕਰਦੇ ਭੰਡੀ ਨੇ।
ਸੱਚੀ ਦਰਗਾਹ ਦੇ ਵਿੱਚ ਜਾ ਕੇ,
ਚੱਲੇ ਕੋਈ ਪੈਸਾ ਨਾ।
ਓਥੇ ਸੱਚੋ-ਸੱਚ ਨਿਬੇੜਾ,
ਬੰਦਾ ਐਸਾ-ਵੈਸਾ ਨਾ।
ਗਰਬ-ਗ਼ੁਮਾਨ ਨੂੰ ਮਨ 'ਚੋਂ ਕੱਢੀਏ,
ਨੀਵਾਂਪਣ ਅਪਣਾ ਲਈਏ।
ਹਉਮੈ, ਖ਼ੁਦੀ ਤੇ ਨਿੰਦਾ ਛੱਡ ਕੇ,
ਦਿਲਾਂ 'ਚ ਥਾਂ ਬਣਾ ਲਈਏ।
ਦੁਨੀਆਂ ਤਾਂ ਹੀ ਯਾਦ ਕਰੇਗੀ,
ਛੱਡ ਦੇਈਏ ਅਭਿਮਾਨ ਅਸੀਂ।
ਆਕੜ, ਰੋਅਬ ਨੂੰ ਤਜੀਏ,
ਚੰਗੇ ਬਣ ਜਾਈਏ ਇਨਸਾਨ ਅਸੀਂ।

ਪ੍ਰੋ. ਨਵ ਸੰਗੀਤ ਸਿੰਘ
9417692015

ਬਿਰਹਾ ਦਾ ਕਵੀ

ਸ਼ਿਵ ਨੂੰ ਯਾਦ ਕਰਦਿਆਂ ,
ਦਿਲ ਵਿੱਚ ਹੌਂਕੇ ਭਰਦਿਆਂ।
ਜਦ ਵੀ ਸ਼ਿਵ ਦੀ ਯਾਦ ਆਉਂਦੀ ,
ਦਿਲ ਚੰਦਰੇ ਨੂੰ ਚੀਰਾ ਲਾਉਂਦੀ।
ਯਾਦ ਸ਼ਿਵ ਦੀ ਜਦੋਂ ਪਾਵੇ ਮੋੜੇ,
ਵਾਰ-ਵਾਰ ਦਿਲ ਨੂੰ ਚੰਦਰੀ ਝੰਜੋੜੇ।
ਨਾ ਮਰਹਮ ਮਿਲੇ ਨਾ ਕੋਈ ਪੱਟੀ ,
ਜਾਵਾਂ ਦੱਸੋ ਮੈਂ ਕਿਹੜੀ ਹੱਟੀ।
ਜਦੋਂ ਚੜ੍ਹ ਪਲਾਂ ਵਿੱਚ ਤਾਰਾ ਛੁਪਿਆ,
ਓਦੋਂ ਬੱਦਲਾਂ ਓਹਲੇ ਸਾਹਿਤ ਦਾ ਸੂਰਜ ਲੁਕਿਆ।
ਚੇਤੇ ਆਵੇ ਸਿ?ਵ ਦੀ ਕਵਿਤਾ ਬਿਰਹੋਂ ਦੀ ਰੜਕ,
ਸਿਸਕੀਆਂ ਲੈਣ ਇੱਛਾਵਾ ਜਦੋਂ ਅੰਦਰੋਂ ਉੱਠੇ ਭੜਕ ।
ਆਦਰਾਂ ਦੇ ਖ਼ੂਨ ਨੂੰ ਰਿੜਕਦੀ ਦਿਲ ਦੀ ਹੂਕ,
ਮਣ-ਮਣ ਹੰਝੂ ਪੀਸੇ ਚੱਕੀ, ਨਾ ਕਰੇ ਕੋਈ ਚੂਕ।
ਕੋਈ ਜੋਬਨ ਰੁੱਤੇ ਤੁਰਿਆ ,
ਦੁੱਖਾਂ ਦੇ ਨਾਲ ਮਨ ਭਰਿਆ।
ਛੋਟੀ ਉਮਰੇ ਮਰਿਆ ਕੋਈ ਕਰਮਾ ਮਾਰਾ,
ਗਗਨ ਅੱਜ ਵੀ ਸ਼ਿਵ ਨੂੰ ਚੇਤੇ ਕਰਦਾ ਜੱਗ ਸਾਰਾ ।

ਅਸਿਸਟੈਂਟ ਪ੍ਰੋ. ਗਗਨਦੀਪ ਕੌਰ ਧਾਲੀਵਾਲ

ਗੀਤ

ਸਾਉਣ ਆ ਗਿਆ ਨੀ ਭੈੜਾ ਸਾਉਣ ਆ ਗਿਆ।
ਤਪਦੀ ਨੂੰ ਹੋਰ ਨੀਂ ਤਪਾਉਣ ਆ ਗਿਆ।
ਮਾਹੀ ਮੈਥੋਂ ਦੂਰ ਅਤੇ ਮੈਂ ਘਰੇ ਕੱਲੀ।
ਜਿੰਦ ਏਦਾਂ ਮੇਰੀ ਹੋਈ ਜਿਉ ਭੱਠੀ ਵਿਚ ਛੱਲੀ।
ਚਾਅ ਅਤੇ ਸਧਰਾਂ ਰੁਲਾਉਣ ਆ ਗਿਆ।
ਸਾਉਣ ਆ ਗਿਆ ਨੀਂ ਭੈੜਾ ਸਾਉਣ ਗਿਆ।
ਨਿੱਕੀ ਨਿੱਕੀ ਰਿਮਝਿਮ ਤਨ ਮਨ ਨੂੰ ਹੈ ਸਾੜੇ।
ਬਾਗ਼ੀ ਖਿੜ੍ਹ ਪਏ ਨੇ ਫੁੱਲ ਰੰਗ ਲਾਲ ਸੂਹੇ ਗਾੜੇ।
ਅੱਗ ਉਤੇ ਹੋਰ ਤੇਲ ਪਾਉਣ ਆ ਗਿਆ।
ਸਾਉਣ ਆ ਗਿਆ ਨੀਂ ਭੈੜਾ ਸਾਉਣ ਆ ਗਿਆ।
ਰਾਤ ਸਾਰੀ ਕੱਢਾਂ ਗਿਣ-ਗਿਣ ਤਾਰੇ।
ਜ਼ਿੰਦ ਮੇਰੀ ਹੀ ਜਾਏਂ ਦਿਨ ਜਿੱਦਾਂ ਮੈਂ ਗੁਜ਼ਾਰੇ।
ਸਰਗੋਸ਼ੀਆਂ ਦੇ ਮਿੱਠੇ ਗੀਤ ਗਾਉਣ ਆ ਗਿਆ।
ਸਾਉਣ ਆ ਗਿਆ ਨੀਂ ਭੈੜਾਂ ਸਾਉਣ ਆ ਗਿਆ।
ਤੀਆਂ ਵਿਚ ਜਦ ਗਈ ਮੈਨੂੰ ਕਹਿਣ ਸਖੀਆਂ।
ਤੇਰੇ ਚਿਹਰੇ ਦੇ ਉਤੇ ਰੌਣਕਾਂ ਨਾ ਤੱਕੀਆਂ।
ਨਿੱਕੇ-ਨਿੱਕੇ ਮੀਂਹ ਦੇ ਵਿਚ ਕੀ ਗਾਉਣ ਆ ਗਿਆ।
ਸਾਉਣ ਆ ਗਿਆ ਨੀਂ ਭੈੜਾ ਸਾਉਣ ਆ ਗਿਆ।
ਲੈ ਕੇ ਮੀਂਹ ਦੀ ਬੌਛਾਰ ਪਾਣੀ ਪਾਣੀ ਕਰ ਦਿੱਤਾ।
ਮੇਰੇ ਮਨ ਵਾਲਾ ਖ਼ੂਹ ਨੱਕੋ ਨਕ ਭਰ ਦਿੱਤਾ।
ਕੱਖਾਂ ਵਿਚਲੀ ਚਿੰਗਾਰੀ ਨੂੰ ਛੁਪਾਉਣ ਆ ਗਿਆ।
ਸਾਉਣ ਆ ਗਿਆ ਨੀਂ ਭੈੜਾ ਸਾਉਣ ਆ ਗਿਆ।
ਆਇਆ ਮਾਹੀ ਦਾ ਸੁਨੇਹਾ ਚਾਅ ਅੰਬਰਾਂ ਨੂੰ ਲੱਗੇ।
ਹਾਏ ,ਸੂਹੇ ਸੂਹੇ ਫੁੱਲ ਮੇਰੇ ਜੂੜੇ ਵਿਚ ਫੱਬੇ।
ਮਨ ਬਾਲਮ ਦਾ ਹੋਰ ਵੀ ਲੁਭਾਉਣ ਆ ਗਿਆ।
ਸਾਉਣ ਆ ਗਿਆ ਨੀਂ ਭੈੜਾ ਸਾਉਣ ਆ ਗਿਆ।

ਬਲਵਿੰਦਰ ਬਾਲਮ ਗੁਰਦਾਸਪੁਰ
ਵਟਸਐਪ - 98156-25409

ਅਧਿਆਪਕਾਂ ਦਾ ਸਤਿਕਾਰ

ਅਧਿਆਪਕਾਂ ਦਾ ਕਰੋ ਸਤਿਕਾਰ
ਬੱਚਿਓ,
ਇਹਨਾਂ ਕੋਲ ਗਿਆਨ ਦਾ ਭੰਡਾਰ
ਬੱਚਿਓ।
ਜ਼ਿੰਦਗੀ ਚ' ਜਿਉਣ ਦਾ ਇਹ ਰਾਹ
ਦੱਸਦੇ,
ਕਿਦਾ ਮੁਸ਼ਕਿਲਾਂ ਨੂੰ ਜਿੱਤੋਗੇ ਬੱਚਿਓ
ਹੱਸਕੇ।
ਕਦੀ ਵੀ ਨਾ ਹੋਵੇ ਥੋਡੀ ਹਾਰ
ਬੱਚਿਓ,
ਅਧਿਆਪਕਾਂ ਦਾ ਕਰੋ,,,,,,,,,,,
ਇਨਾਂ ਕੋਲੋਂ ਏਕਤਾ ਚ ਬਲ ਵਾਲਾ
ਪਾਠ ਪੜ੍ਹੀਦਾ,
ਜਾਤ ਪਾਤ ਵਾਲਾ ਭੇਦ ਨੀ ਕਦੇ
ਵੀ ਕਰੀਦਾ।
ਦੱਸ ਦੇਣ ਸ਼ਬਦਾਂ ਦਾ ਸਾਰ
ਬੱਚਿਓ,
ਅਧਿਆਪਕਾਂ ਦਾ ਕਰੋ,,,,,,,,,,,
ਤਰੱਕੀ ਦੀਆਂ ਪਉੜੀਆਂ ਨੂੰ
ਕਿਵੇਂ ਚੜ੍ਹਨਾ,
ਹਰ ਮਸਲੇ ਦਾ ਹੱਲ ਫਿਰ ਕਿਵੇਂ
ਕਰਨਾ।
ਸਭਨਾਂ ਚ' ਵੰਡਣਾ ਪਿਆਰ
ਬੱਚਿਓ,
ਅਧਿਆਪਕਾਂ ਦਾ ਕਰੋ,,,,,,,,,
ਜਿੰਨੇ ਵੀ ਖ਼ੋਜੀ ਸਾਇੰਸਦਾਨ ਬਣੇ
ਨੇ,
ਉਂਗਲਾਂ ਤੇ ਉਹ ਅੱਜ ਜਾਂਦੇ ਗਿਣੇ
ਨੇ।
ਡਾਕਟਰ, ਵਕੀਲ, ਠਾਣੇਦਾਰ
ਬੱਚਿਓ,
ਅਧਿਆਪਕਾਂ ਦਾ ਕਰੋ,,,,,,,,,,
ਝਿੜਕ ਜਾਂ ਪਿਆਰ ਨਾਲ ਜੀਵਨ
ਤਰਾਸ਼ਦੇ,
ਗਿਆਨ ਦੇ ਗੁਰੂ ਨੂੰ ਟੀਚਰ ਵੀ
ਆਖਦੇ।
,ਪੱਤੋ,ਮਨਾਂ ਚੋਂ ਨਾ ਦਿਓ ਵਿਸਾਰ
ਬੱਚਿਓ।
ਅਧਿਆਪਕਾਂ ਦਾ ਕਰੋ ਸਤਿਕਾਰ
ਬੱਚਿਓ ,
ਇਹਨਾਂ ਕੋਲ ਗਿਆਨ ਦਾ ਭੰਡਾਰ
ਬੱਚਿਓ।

ਹਰਪ੍ਰੀਤ ਪੱਤੋ ਪਿੰਡ ਪੱਤੋ ਹੀਰਾ ਸਿੰਘ ਮੋਗਾ ਫੋਨ ਨੰਬਰ 94658-21417

ਮਾਂ ਤੇਰੀ ਛਾਂ ਹੇਠ ਬੈਠਣ ਨੂੰ

ਮਾਂ ਤੇਰੀ ਛਾਂ ਹੇਠ ਬੈਠਣ ਨੂੰ ਅੱਜ ਬੜਾ ਹੀ ਦਿਲ ਕਰਦਾ ਏ
ਤੂੰ ਲਾਡ-ਲਡਾਵੇ ਤੇਰੀ ਗੋਦ ਵਿੱਚ
ਸੌਣ ਨੂੰ ਜੀ ਕਰਦਾ ਏ।
ਮੁੜ ਆਵੇ ਉਹ ਵੇਲਾ
ਭੌਰਾ ਵਸਾਹ ਨਹੀਂ ਸੀ ਕਰਦੀ ਮੇਰਾ
ਅੱਜ ਫਿਰ ਉਹ ਗੱਲਾਂ ਕਹਿਣ ਨੂੰ ਦਿਲ ਕਰਦਾ ਏ।
ਤੱਕ ਲੈਂਦੀ ਹਾਂ ਜਦ ਮੋਹ ਮਮਤਾ ਕਿਸੇ ਦੀ
ਤਾਂ ਦਿਲ ਹੌਕਾ ਜਿਹਾ ਭਰਦਾ ਏ
ਲੱਖ ਕੋਸਾਂ ?ਸ ਕੀਤੀ ਏ ਤੈਨੂੰ ਮਿਲਣੇ ਦੀ
ਪਰ ਬੜਾ ਲੰਮਾ ਪੈਂਡਾ ਤੇਰੇ ਘਰ ਦਾ ਏ
ਕੁੱਟ ਕੇ ਦੇਸੀ ਘਿਓ ਦੀ ਚੂਰੀ ਤੂੰ ਖਵਾਉਂਦੀ ਸੀ
ਨਾ ਹੀ ਉਹ ਛੰਨਾ ਹੁਣ ਚੂਰੀ ਨਾਲ ਭਰਦਾ ਏ ।
ਤੇਰੀਆਂ ਯਾਦਾਂ ਵਿੱਚ ਜਦ ਅੱਖਾਂ ਰੋਣ ਨੀ ਮਾਏ
ਇਹ ਹੰਝੂ ਵੀ ਨਾ ਹਾੜਿਆ ਹੱਟਦਾ ਏ
ਤੇਰੇ ਮੁੜ ਆਉਣ ਦਾ ਵਹਿਮ ਜੋ ਦਿਲ ਅੰਦਰ ਏ
ਨਾ ਉਹ ਮਾਰਿਆ ਮਰਦਾ ਏ ।
ਜਦ ਮੇਰੇ ਕੋਈ ਸੱਟ ਲੱਗ ਜਾਂਦੀ
ਝੱਟ ਤੇਰੇ ਕਲੇਜੇ ਖੋਹ ਜਿਹੀ ਪੈ ਜਾਂਦੀ
ਬੜਾ ਡੂੰਘਾ ਹੋ ਗਿਆ ਏ ਮਾਂ ਜਖਮ ਦਿਲ ਦਾ
ਨਾ ਕਿਸੇ ਦੇ ਭਰਿਆ ਭਰਦਾ ਏ ।
ਮਾਵਾਂ ਬਿਨਾਂ ਜਿ?ਦਾ ਲਾਸ ਹੈ ਜਿ?ਦਗੀ ਬੱਚਿਆਂ ਦੀ
ਹੁਣ ਨਾ ਵਹਿਮ ਮਨ 'ਚੋਂ ਹਟੱਦਾ ਏ
ਜੇ ਖੁੱਸ ਜਾਵੇ ਕਿਸੇ ਦੀ ਮਮਤਾ
ਤਾਂ ਜੱਗ ਉੱਚੀ ਉੱਚੀ ਹੱਸਦਾ ਏ।
ਧਾਲੀਵਾਲ ਨੂੰ ਤੇਰੇ ਬਾਝੋਂ ਕੁੱਝ ਨਹੀਂ ਭਾਉਂਦਾ ਏ
ਬੱਸ 'ਗਗਨ' ਦਾ ਦਿਲ ਤੇਰੇ ਰਾਹੇ ਆ ਖੜਦਾ ਏ
ਬੜਾ ਸਮਾਂ ਹੋ ਗਿਆ ਮਾਂ ਤੇਰੀ ਬੁੱਕਲ ਵਿੱਚ ਬੈਠੀ ਨੂੰ
ਮਾਂ ਤੇਰੀ ਛਾਂ ਹੇਠ ਬੈਠਣ ਨੂੰ ਅੱਜ ਬੜਾ ਹੀ ਦਿਲ
ਕਰਦਾ ਏ।

ਪ੍ਰੋ.ਗਗਨਦੀਪ ਕੌਰ ਧਾਲੀਵਾਲ

ਹਰੇ ਰੰਗ ਦਾ ਤੋਤਾ

ਹਰੇ ਰੰਗ ਦਾ ਤੋਤਾ ਆਇਆ
ਹਰੇ ਰੰਗ ਦਾ ਤੋਤਾ ਆਇਆ
ਸੁੰਦਰ - ਸੁੰਦਰ ਤੋਤਾ ਆਇਆ
ਹਰੇ ਰੰਗ ਦਾ ਤੋਤਾ ਆਇਆ
ਅਮਰੂਦ ਉਹ ਖਾਵੇ ,
ਦੂਰ - ਦੂਰ ਤੱਕ ਉੱਡਦਾ ਜਾਵੇ
ਮੈਨੂੰ ਬਹੁਤ ਪਸੰਦ ਆਵੇ
ਸਾਡੇ ਘਰ ਕੋਲ ਉੱਡਦਾ ਜਾਵੇ
ਹਰੇ ਰੰਗ ਦਾ ਤੋਤਾ ਆਇਆ
ਸੁੰਦਰ - ਸੁੰਦਰ ਤੋਤਾ ਆਇਆ।

ਚੰਨਪ੍ਰੀਤ ਕੌਰ ਸ੍ਰੀ ਅਨੰਦਪੁਰ ਸਾਹਿਬ

ਕਵਿਤਾ

ਉਹਦੇ ਵਰਗਾ ਅੱਜ ਵੀ ਕੋਈ ਨਹੀਂ
ਅਦਾਵਾਂ ਉਹਦੀਆਂ ਵੱਖਰੀਆਂ ਜੱਗ ਤੋਂ,
ਉਹਦੇ ਵਰਗਾ ਅੱਜ ਵੀ ਕੋਈ ਨਹੀਂ।
ਸਲੀਕੇ ਸਿੱਖਣ ਮੁਟਿਆਰਾਂ ਓਹਤੋਂ,
ਉਹਦੇ ਵਰਗਾ ਚੱਜ ਵੀ ਕੋਈ ਨਹੀਂ।
ਸੀਸ਼ੇ ਨਾਲ ਕਰਦੀ ਜਦ ਗੱਲਾਂ,
ਉਹਦੇ ਵਰਗਾ ਸੱਜ ਵੀ ਕੋਈ ਨਹੀਂ।
ਮਟਕੇ ਕੇ ਅੱਖੀਆਂ ਪਰਖੇ ਬੰਦਾ,
ਉਹਦੇ ਵਰਗਾ ਜੱਜ ਵੀ ਕੋਈ ਨਹੀਂ।
ਪਿਆਰ ਕਰੇ ਉਹ ਭਾਵੇਂ ਨਫ਼ਰਤ,
ਉਹਦੇ ਵਰਗਾ ਰੱਜ ਵੀ ਕੋਈ ਨਹੀਂ।
ਮਿਲਕੇ ਵੀ ਹਾਂ ਭਾਵੇਂ ਵਿੱਛੜੇ,
ਉਹਦੇ ਵਰਗਾ ਹੱਜ ਵੀ ਕੋਈ ਨਹੀਂ।

ਅਮਰਬੀਰ ਸਿੰਘ ਚੀਮਾ
ਮੋਬਾਈਲ ਨੰ: 9888940211

ਕਵਿਤਾ

ਸਾਉਣ ਦਾ ਮਹੀਨਾ ਮਾਹੀਆ ਅੱਜ ਗਿਆ ਚੜ੍ਹ ਵੇ,
ਤੇਰੀਆਂ ਯਾਦਾਂ ਨੇ ਆ ਕੇ ਮੇਰਾ ਦਿਲ ਲਿਆ ਫੜ ਵੇ।
ਕਾਲੀਆਂ ਘਟਾਵਾਂ ਅੰਬਰ ਤੇ ਛਾ ਗਈਆਂ ਨੇ,
ਹੌਲੀ, ਹੌਲੀ ਕਣੀਆਂ ਵੀ ਪੈਣ ਲੱਗ ਪਈਆਂ ਨੇ।
ਹਾੜ੍ਹ ਦੀ ਗਰਮੀ ਤੋਂ ਛੁਟਕਾਰਾ ਮਿਲ ਜਾਣਾ ਏ,
ਸੁੱਕ ਰਹੇ ਵੇਲ,ਬੂਟਿਆਂ ਨੂੰ ਸਹਾਰਾ ਮਿਲ ਜਾਣਾ ਏ।
ਕੱਠੇ ਹੋ ਕੇ ਬੱਚਿਆਂ ਨੇ ਮੀਂਹ ਵਿੱਚ ਨਹਾਉਣਾ ਏ,
ਮੱਝਾਂ ਤੇ ਗਾਵਾਂ ਨੂੰ ਵੀ ਸੁੱਖ ਦਾ ਸਾਹ ਆਉਣਾ ਏ।
ਖੀਰ ਤੇ ਪੂੜੇ ਬਣਾਉਣ ਲਈ ਸੱਸ ਨੇ ਕਹਿਣਾ ਏ,
ਤੇਰੇ ਬਿਨਾਂ ਮੈਥੋਂ ਇਹ ਸਭ ਕੁਝ ਨਹੀਂ ਹੋਣਾ ਏ।
ਦੂਰ ਰਹਿ ਕੇ ਲੰਘਾ ਨਾ ਦੇਵੀਂ ਸਾਉਣ ਦਾ ਮਹੀਨਾ ਵੇ,
ਤੇਰੇ ਬਿਨਾਂ ਮੀਂਹ 'ਚ ਵੀ ਤਪੀ ਜਾਣਾ ਮੇਰਾ ਸੀਨਾ ਵੇ।
ਹੁੰਦੇ ਉਹ ਸਿਆਣੇ ਜਿਹੜੇ ਮੌਕੇ ਨੂੰ ਸੰਭਾਲਦੇ,
ਹੁੰਦੇ ਉਹ ਮੂਰਖ ਜਿਹੜੇ ਰਾਖ ਚੋਂ ਸੋਨਾ ਭਾਲਦੇ।

ਮਹਿੰਦਰ ਸਿੰਘ ਮਾਨ
ਫੋਨ 9915803554

ਕਵਿਤਾ

ਕਰਕੇ ਧੋਖਾ ਉਸਤਾਦਾਂ ਦੇ ਨਾਲ,
ਅੱਜ ਕੱਲ੍ਹ ਦੇ ਚੇਲੇ ਕਰੀ ਜਾਣ ਕਮਾਲ।
ਪੁੱਛਿਆ ਨਾ ਕਿਸੇ ਵੀ ਉਹਨਾਂ ਨੂੰ ਉੱਥੇ,
ਜੋ ਪੁੱਛਣ ਗਏ ਸਨ ਰੋਗੀ ਦਾ ਹਾਲ।
ਅੱਜ ਕੱਲ੍ਹ ਚੁਸਤ ਬੜੇ ਨੇ ਦੁਕਾਨਾਂ ਵਾਲੇ,
ਮਿੱਠੇ ਬਣ ਕੇ ਵੇਚਣ ਨਕਲੀ ਮਾਲ।
ਰੋਟੀ ਲਈ ਹਾਂ ਥਾਂ ਥਾਂ ਰੁਲਦੇ ਫਿਰਦੇ,
ਵਿਛੜੇ ਦਿਲਦਾਰ ਦਾ ਆਵੇ ਕਿਵੇਂ ਖਿਆਲ ?
ਬੇਈਮਾਨ ਪੇਸ਼ ਨਹੀਂ ਦਿੰਦੇ ਜਾਣ,
ਹੈ ਨ੍ਹੀ ਇੱਥੇ ਕਿਸੇ ਵਸਤੂ ਦਾ ਕਾਲ।
ਪੱਕੇ ਬਣਾਵਣ ਵਾਲੇ ਥੱਲੇ ਸੌਣ,
ਪਰ ਪੱਕਿਆਂ ਵਿੱਚ ਐਸ਼ਾਂ ਕਰਨ ਦਲਾਲ।

ਮਹਿੰਦਰ ਸਿੰਘ ਮਾਨ
ਸਲੋਹ ਰੋਡ
ਨੇੜੇ ਅੰਗਦ ਸਿੰਘ ਸਾਬਕਾ ਐੱਮ ਐੱਲ ਏ ਰਿਹਾਇਸ਼
ਨਵਾਂ ਸ਼ਹਿਰ-9915803554

ਹਿੰਮਤ

ਪੱਕੇ ਪੈਰੀਂ ਹਿੰਮਤ ਕਰਕੇ,
ਜਿਹੜੇ ਕਦਮ ਵਧਾਉਂਦੇ ਨੇ।
ਸਰ ਕਰ ਲੈਂਦੇ ਮੰਜ਼ਿਲ ਨੂੰ,
ਜੋ ਖ਼ੁਦ ਵਿੱਚ ਆਸ ਜਗਾਉਂਦੇ ਨੇ।
ਢੇਰੀ ਢਾਹਿਆਂ ਕੁਝ ਨਹੀਂ ਬਣਨਾ,
ਮਿਹਨਤ ਇੱਕ ਦਿਨ ਚਮਕੇਗੀ।
ਹੋਸ਼, ਸਹਿਜ ਤੇ ਸਬਰ ਨਾਲ ਹੀ,
ਕਿਸਮਤ ਸਾਡੀ ਦਮਕੇਗੀ।
ਆਪਣੇ ਵਿੱਚ ਭਰੋਸਾ ਰੱਖੀਏ,
ਰੀਸ ਕਿਸੇ ਦੀ ਨਾ ਕਰੀਏ।
ਚੜ੍ਹਦੀ ਕਲਾ 'ਚ ਰਹੋ ਹਮੇਸ਼ਾ,
ਤੇ ਭਵਸਾਗਰ ਇੰਜ ਤਰੀਏ।
ਜੋ ਲੋਕੀਂ ਹਿੰਮਤ ਕਰਦੇ ਨੇ,
ਰੱਬ ਉਨ੍ਹਾਂ ਦੀ ਸਾਰ ਲਵੇ।
ਸਾਰੇ ਕੰਮ ਪੂਰੇ ਹੋ ਜਾਂਦੇ,
ਜੋ ਮਨ ਪੱਕੀ ਧਾਰ ਲਵੇ।
ਹਿੰਮਤ ਵਾਲੇ ਸਾਗਰ, ਨਦੀਆਂ,
ਪਰਬਤ ਪਾਰ ਕਰੇਂਦੇ ਨੇ।
ਕਿਸਮਤ ਵਾਲੇ ਮੂੰਹ ਚੁੱਕੀ,
ਲੇਖਾਂ ਨੂੰ ਵਿੰਹਦੇ ਰਹਿੰਦੇ ਨੇ।
ਹਿੰਮਤ ਦੀ ਜਿੱਤ ਹੁੰਦੀ ਹੈ,
'ਚਾਤ੍ਰਿਕ' ਨੇ ਸਾਨੂੰ ਦੱਸਿਆ ਹੈ।
ਜੋ ਕਿਸਮਤ ਤੇ ਕਰੇ ਭਰੋਸਾ,
ਰਹੇ ਹਮੇਸ਼ਾ ਫਸਿਆ ਹੈ।
ਹੁਣੇ ਤੋਂ ਹੀ ਹਿੰਮਤ ਨੂੰ ਆਪਣਾ,
ਪੱਕਾ ਯਾਰ ਬਣਾਵਾਂਗੇ।
ਕੋਈ ਅਟਕ ਵੀ ਰੋਕ ਸਕੇ ਨਾ,
ਕਰਕੇ ਪਾਰ ਵਿਖਾਵਾਂਗੇ।

ਪ੍ਰੋ. ਨਵ ਸੰਗੀਤ ਸਿੰਘ 9417692015.

ਈਂਦ ਦਾ ਚੰਨ

ਈਂਦ ਵਾਲੇ--- ਚੰਨ ਦੀਆਂ
ਚਾਰੇ ਪਾਸੇ ਹੀ--- ਤਾਰੀਫਾਂ ਨੇਂ
ਦਿਨੇ ਰਾਤੀਂ ----- ਰਹਿੰਦੀਆਂ
ਹੁੱਣ ਉਹਦੀਆਂ--- ਉਡੀਕਾਂ ਨੇਂ
ਘੁੱਮਣ ਤੇ ਘੇਰੀਆਂ ----
ਦੇ ਵਿੱਚ -- ਪਾਈ ਨਿੱਤ ਰੱਖਦਾ
ਮੁੱਖ ਉੱਤੇ --- ਨੂਰ ਉਹਦੇ
ਪਇਆ-- ਲਾਟ ਵਾਂਗੂੰ ਮੱਚਦਾ
ਚੰਨ ਹੁੱਣ ---ਰੱਖਦਾ
ਬਣਾਕੇ- ਥੋੜੀ -- ਦੂਰੀ ਬਈ
ਰਹਿੰਦਾ ਏ --- ਮੜੱਕ ਨਾਲ
ਤੇ ਟੋਹਰ ਉਹਦੀ -- ਪੂਰੀ ਬਈ
ਉੱਚਿਆ ਦੇ --- ਨਾਲ ਉਹਨੇ
ਹੁੱਣ ਲਾਅ ਲਈਆਂ ਯਾਰੀਆਂ
ਕਰਦਾ ਏ -- ਨਾਲ ਸਾਡੇ
ਉਹ -- ਗੱਲਾਂ ਹੁੱਣ ਖਾਰੀਆਂ
ਸਾਥ -- ਨੀਵੇਆਂ ਦੇ ਨਾਲ ਕਦੋਂ
ਹੁੰਦੀਆਂ--- ਵਫਾਵਾਂ ਨੇ
ਪੈਰ ਪੈਰ --- ਤੁਰੀ ਚੱਲ
ਜੋ--ਅਨਮਿਥੀਆਂ-- ਤੂੰ ਰਾਵਾਂ ਨੇ
ਰੂਹ ਵਾਲੇ -- ਸ਼ੀਸੇ ਤੇ
ਨਿੱਤ ਪੈਂਦੀਆ --- ਝਰੀਟਾਂ ਨੇ
ਈਂਦ ਵਾਲੇ -- ਚੰਨ ਦੀਆਂ
ਚਾਰੇ ਪਾਸੇ ਹੀ -- ਤਾਰੀਫਾਂ ਨੇ
ਹੁੱਣ-- ਚਾਰੇ ਪਾਸੇ ਹੀ-- ਤਾਰੀਫਾਂ ਨੇ

ਕੁੱਲਦੀਪ ਸਿੰਘ ਸਾਬਾ ਮੱਰੜੀ ਕਲਾਂ
99142-26365

Preetnama

ਪ੍ਰੀਤਨਾਮਾ
ਖ਼ਰਾ ਸੱਚ

Khara Sach

On our English language New Website
WWW.PREET NEWS.COM

Cheif Editor
Pritpal Kaur
+1 201-312-4180

Vol 4, Issue 262

Website: www.preetnama.com Email preetnamausa@gmail.com

19 JULY TO 25 JULY, 2024

No body have time to watch TV Advertisement
No body have time to read Physical newspapers

It's social time.

Online News, Advertisement, Promotion Anytime anywhere.

Doesn't matter where are you.

Advertisement with Preetnama.
Promote your business with TalkShow
We gave social stage to show yourself and your Business.

Business Persons, Doctor,
Advocates, VISA, Tour Travel, Actor, Singers,
writers come Join or TalkShow
and Advertisement with us on national
& International based.



Search Just
Preetnama
Youtube
Facebook
Twitter
Instragram
LinkedIn
Tiktok

No ned to go anywhere, Just leave message on
WhatsApp or email us. We will call you back.

Contact immediately

+1 201-312-4180,+1 917-328-8436

www.preetnama.com, www.preetnews.com
Email- preetnamausa@gmail.com